# ਅੰਮ੍ਰਿਤ ਕੀਰਤਨ

ਅੰਕ 3 ਸਾਲ ਪੰਜਵਾਂ ਮਾਰਚ 1993



ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 3 ਸਾਲ ਪੰਜਵਾਂ ਮਾਰਚ 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ** :
ਗੁਰਦੀਪ ਸਿੰਘ ਦੀਪ
**ਚਿੱਠੀ ਪੱਤਰ ਲਈ ਪਤਾ** :
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422 ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 24660
**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਾਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਾਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

**ਵਿਸ਼ਾ** **ਪੰਨਾ**

1. ਤਾਊਸ 1
— ਆਵਤ ਸਿੰਘ 'ਸੰਗੀਤ ਪ੍ਰੇਮੀ'
2. ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ 3
— ਸੁਖਦੇਵ ਸਿੰਘ ਨਡਾਲੋਂ
3. ਮੇਰਾ ਜੀਵਨ ਮਨੋਰਥ 10
— ਜੇ. ਪੀ. ਨੰਦਾ
4. ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ 14
— ਡਾ. ਜਾਗੀਰ ਸਿੰਘ
5. ਅਲਾਪ ਅਤੇ ਤਾਨ 19
6. ਰਾਗ ਭੈਰਵੀ 23
— ਕਰਨਵੀਰ ਕੌਰ
7. KIRATN IS SIKHISM 25
— Prof. Gobind Singh Mansukhani
8. ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ (ਗੁਰਬਾਣੀ ਸੰਗੀਤ) 28

**ਨੋਟ** : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਣਿਤ ਹੈ।

# ਤਾਊਸ

ਆਵਤ ਸਿੰਘ, ਸੰਗੀਤ ਪ੍ਰੇਮੀ
11/2, ਓਲਡ ਰਾਜਿੰਦਰ ਨਗਰ
ਨਵੀਂ ਦਿਲੀ-110060

ਸੰਗੀਤ ਸਾਜ਼ ਤਾਊਸ ਦੇ ਸਬੰਧ ਵਿਚ ਡਾ. ਹਰਬੰਸ ਸਿੰਘ ਚਾਵਲਾ ਪ੍ਰੋਫੈਸਰ (ਇਤਿਹਾਸ) ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਯੂਨੀਵਰਸਿਟੀ, ''ਪੰਜਾਬ ਦੀ ਸੰਗੀਤ ਪਰੰਪਰਾ'' ਲੇਖਿਕਾ ਗੀਤਾ ਪੈਂਤਲ ਅਤੇ ਸੰਗੀਤ ਨਾਟਕ ਅਕਾਦਮੀ ਤੋਂ ਜੋ ਜਾਣਕਾਰੀ ਪ੍ਰਾਪਤ ਹੋਈ ਹੈ ਲਿਖਣ ਦਾ ਯਤਨ ਕੀਤਾ ਹੈ। ਤਾਊਸ ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਬੀ ਅਤੇ ਫਾਰਸੀ ਦੋਹਾਂ ਵਿਚ 'ਮੋਰ' ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਹੈ। ਇਸ ਸਾਜ਼ ਦਾ ਹੇਠਲਾ ਹਿੱਸਾ ਮੋਰ ਦੀ ਸ਼ਕਲ ਦਾ ਹੋਣ ਕਰਕੇ ਇਸ ਨੂੰ ਤਾਊਸ ਨਾਮ ਦਿੱਤਾ ਗਿਆ ਹੈ। ਪ੍ਰੋਫੈਸਰ ਸਾਹਿਬ ਨੇ ਦਸਿਆ ਕਿ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ, ਜਿਸ ਵੇਲੇ ਅਰਬ ਦੇਸ਼ਾਂ ਦੀ ਯਾਤਰਾ ਲਈ ਗਏ ਤੇ ਵਾਪਸੀ ਤੇ ''ਬਗਦਾਦ ਦੀ ਫੇਰੀ'' ਵੇਲੇ ਕੁਝ ਚਿਰ ਆਪ ਉਥੇ ਠਹਿਰੇ। ਬਗਦਾਦ ਦੇ ਸੰਗੀਤਕਾਰ, ਮਰਦਾਨੇ ਦੇ ਰਬਾਬ ਨੂੰ ਸੁਣਕੇ ਬਹੁਤ ਪ੍ਰਸੰਨ ਹੋਏ ਅਤੇ ਹੋਰ ਨਜ਼ਰਾਨਿਆਂ ਦੇ ਨਾਲ ਸਨਮਾਨ ਵਜੋਂ ਸੰਗੀਤ ਸਾਜ਼ ਤਾਊਸ ਭੇਟ ਕਰ ਸਰੋਪਾ ਪ੍ਰਦਾਨ ਕੀਤਾ। ਜਦ ਗੁਰੂ ਸਾਹਿਬ ਤੇ ਭਾਈ ਮਰਦਾਨਾ ਵਾਪਸ ਹਿੰਦੁਸਤਾਨ ਆਏ ਤੇ ਇਸ ਸਾਜ਼ ਨੂੰ ਵੀ ਨਾਲ ਲੈ ਆਏ। ਗੁਰੂ ਸਾਹਿਬ ਨੇ ਭਾਈ ਮਰਦਾਨਾ ਦੇ ਦੋ ਸਾਹਿਬਜ਼ਾਦੇ ਭਾਈ ਸ਼ਾਜ਼ਦਾ ਤੇ ਭਾਈ ਰਾਜ਼ਦਾ ਜੋ ਸੰਗੀਤ ਅਤੇ ਰਬਾਬ ਦੇ ਚੰਗੇ ਵਜੰਤ੍ਰੀ ਸਨ, ਨੂੰ ਤਾਊਸ ਵਜਾਣ ਦੀ ਪ੍ਰੇਰਣਾ ਦਿੱਤੀ। 1530 ਵਿਚ ਜਦ ਗੁਰੂ ਸਾਹਿਬ ਅਚਲ ਵਟਾਲੇ ਦੀ ਯਾਤਰਾ ਲਈ ਗਏ ਤਾਂ ਆਪ ਜੀ ਦੀ ਸੰਗਤ ਮਰਦਾਨੇ ਦੇ ਵੱਡੇ ਪੁੱਤਰ ਭਾਈ ਸ਼ਾਜ਼ਦਾ ਨੇ ਰਬਾਬ ਦੀ ਥਾਂ ਤਾਊਸ ਨਾਲ ਕੀਤੀ।

ਭਾਰਤ ਵਿੱਚ ਉਸ ਵੇਲੇ ਸਰੰਦਾ ਤੇ ਸਾਰੰਗੀ ਸਾਜ਼ਾਂ ਦੀ ਪ੍ਰਧਾਨਤਾ ਸੀ ਇਹਨਾਂ ਦੋਹਾਂ ਸਾਜ਼ਾਂ ਦੇ ਮੁਕਾਬਲੇ ਤਾਊਸ ਦੀ ਆਪਣੀ ਹੀ ਵਿਲਖਣਤਾ ਸੀ। ਲੇਕਿਨ ਇਸ ਦੇ

ਬਨਾਉਣ ਦੇ ਕਾਰੀਗਰ ਨਾ ਹੋਣ ਕਰਕੇ ਸਾਰੰਗੀ ਅਤੇ ਸਰੰਦਾ ਜਿਹੇ ਸਸਤੇ ਸਾਜ਼ਾਂ ਦੇ ਮੁਕਾਬਲੇ ਬਹੁਤ ਪ੍ਰਚਲਿਤ ਨਾ ਹੋ ਸਕਿਆ।

ਪੰਚਮ ਪਾਤਸ਼ਾਹ ਵੇਲੇ ਸੱਤਾ ਅਤੇ ਬਲਵੰਡ ਤੋਂ ਬਾਦ ਜਦ ਸੰਗਤਾਂ ਨੇ ਕੀਰਤਨ ਸ਼ੁਰੂ ਕੀਤਾ ਤਾਂ ਸੁਖੈਨ ਹੋਣ ਕਰਕੇ ਤਾਊਸ ਫਿਰ ਵਜੂਦ ਵਿਚ ਆਇਆ ਖਾਸਕਰ ਸਿੱਖ ਕੀਰਤਨ ਵਿਚ ਸੰਗਤ ਸਾਜ਼ ਦੇ ਰੂਪ ਵਿਚ ਪ੍ਰਚਲਿਤ ਹੁੰਦਾ ਰਿਹਾ।

ਲੇਖਿਕਾ ਗੀਤਾ ਪੈਂਤਲ ਨੇ ਆਪਣੀ ਪੁਸਤਕ ਵਿਚ ਤਾਊਸ ਬਾਰੇ ਲਿਖਿਆ ਹੈ। ਸਿੱਖ ਸੰਪ੍ਰਦਾ ਦੇ ਮਸ਼ਹੂਰ ਸੰਗੀਤਕਾਰ ਮਹੰਤ ਗੱਜਾ ਸਿੰਘ ਜੋ ਤਾਊਸ ਵਾਦਨ ਵਿਚ ਬੜੇ ਮਾਹਿਰ ਸਨ ਤੇ ਪਟਿਆਲੇ ਦੇ ਮਹਾਰਾਜਾ ਭੂਪਿੰਦਰ ਸਿੰਘ ਦੇ ਸੰਗੀਤ ਉਸਤਾਦ ਵੀ ਸਨ ਨੇ ਤਾਊਸ ਵਿਚ ਥੋੜੀ ਤਬਦੀਲੀ ਕੀਤੀ ਤੇ ਮੌਜੂਦਾ ਦਿਲਰੁਬਾ ਨਾਮਕ ਸਾਜ਼ ਨੂੰ ਵਜੂਦਗੀ ਦਿੱਤੀ। ਜਦ ਏਹ ਸਾਜ਼ ਬੰਗਾਲ ਪੁੱਜਾ ਤਾਂ ਬੰਗਾਲ ਦੇ ਸੰਗੀਤਕਾਰਾਂ ਨੂੰ ਇਹ ਸਾਜ਼ ਬਹੁਤ ਪਸੰਦ ਆਇਆ ਉਨ੍ਹਾਂ ਨੇ ਇਸ ਦੇ ਮੋਰ ਦੇ ਵੱਡੇ ਅਕਾਰ ਦੀ ਥਾਂ ਮੋਰਨੀ ਦਾ ਛੋਟਾ ਅਕਾਰ ਦੇ ਕੇ "ਮਿਯੂਰੀ ਇਸਰਾਜ" ਨਾਂ ਦਿੱਤਾ। ਅੱਜ ਕਲ੍ਹ ਇਸਰਾਜ ਨਾਂ ਦੇ ਨਾਲ ਜਾਣਿਆ ਜਾਂਦਾ ਹੈ ਤੇ ਬੰਗਾਲ ਵਿਚ ਲੋਕ ਪ੍ਰਿਯ ਸਾਜ਼ ਹੈ। ਸਿੱਖ ਕੀਰਤਨੀਏ ਸਮੇਂ ਸਮੇਂ ਤਾਊਸ ਤੇ ਕੀਰਤਨ ਕਰਦੇ ਰਹੇ ਹਨ ਲੇਕਿਨ ਇਸ ਦੀ ਮੁੱਖ ਪ੍ਰਧਾਨਤਾ 1921 ਤੋਂ ਲੈ ਕੇ 1952 ਤੱਕ ਰਹੀ ਹੈ।

ਸੰਗੀਤ ਨਾਟਕ ਅਕਾਦਮੀ, ਦਿੱਲੀ ਦੇ ਆਡਿਓ ਵਿਜ਼ੁਅਲ ਲਾਇਬ੍ਰੇਰੀ ਦੇ ਇੰਚਾਰਜ ਸਰਦਾਰ ਆਰ. ਐਸ. ਮਲਹੋਤਰਾ ਨੇ ਦਸਿਆ ਕਿ ਇਸ ਦੇ ਮੁੱਖ ਤਾਰ ਚਾਰ ਹੀ ਸਨ ਤੇ ਡਾਂਡ ਉੱਤੇ ਲਕੜੀ ਦੇ ਪਰਦੇ ਬੱਝੇ ਹੁੰਦੇ ਸਨ। ਬਾਦ ਵਿਚ ਜਦ ਸਟੀਲ ਦੀਆਂ ਤਾਰਾਂ ਬਣੀਆਂ ਤਾਂ ਹੋਰ ਸਾਜ਼ਾਂ ਦੇ ਨਾਲ ਨਾਲ ਤਾਊਸ ਵਿਚ ਵੀ ਤਬਦੀਲੀ ਆਈ। ਹੁਣ ਇਸ ਵਿਚ 4 ਮੁਖ ਤਾਰਾਂ 22 ਤਰਬਾਂ ਤੇ ਡਾਂਡ ਉੱਤੇ ਪਿੱਤਲ ਦੇ 19 ਪਰਦੇ ਬੱਝੇ ਹੁੰਦੇ ਹਨ। ਇਹ ਸਾਜ਼ ਹੁਣ ਸੰਗੀਤ ਨਾਟਕ ਅਕਾਦਮੀ ਦੇ ਮਿਊਜ਼ੀਅਮ ਵਿਚ ਸਾਂਭਿਆ ਪਿਆ ਹੈ। ਇਸ ਦੇ ਨਾਲ ਹੇਠ ਲਿਖੀ ਇਬਾਰਤ ਦੀ ਤਖ਼ਤੀ ਲੱਗੀ ਹੋਈ ਹੈ:–

**'TAUS 'came to India through Bhai Mardana in 1530.**

**Musicians of Bagdad presented to him as a Robe of Honour.**

# ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ

**ਸੁਖਦੇਵ ਸਿੰਘ ਨਡਾਲੋਂ**

***ਫਰਵਰੀ 1993 ਦੇ ਅੰਕ ਤੋਂ ਅੱਗੇ***

ਰਾਗਾਂ ਦੇ ਸੰਬੰਧ ਵਿੱਚ ਗੁਰੂ ਸਾਹਿਬਾਨਾਂ ਦਾ ਫੁਰਮਾਨ ਹੈ-

ਕੇਦਾਰਾ-

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰ॥
ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰ॥

(-ਪੰਨਾ 1087)

ਸਿਰੀ ਰਾਗ -

ਰਾਗਾਂ ਵਿਚਿ ਸ੍ਰੀ ਰਾਗੁ ਹੈ ਜੈ ਸਚਿ ਧਰੇ ਪਿਆਰ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥

(-ਪੰਨਾ 83)

ਗਉੜੀ -

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਧਰੇਇ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥

(-ਪੰਨਾ 247)

ਗੂਜਰੀ-

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ ਅਨੁਦਿਨੁ ਹਰਿ ਜਪੁ ਜਾਪਣਾ॥

(-ਪੰਨਾ-516)

ਬਿਲਾਵਲ-

ਬਿਲਾਵਲ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ॥ (-ਪੰਨਾ 849)

ਧਨਾਸਰੀ-

ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰੂ ਕੀ ਕਾਰ ਕਮਾਇ॥

(-ਪੰਨਾ 1419)

ਰਾਮਕਲੀ -

ਰਾਮਕਲੀ ਰਾਮ ਮਨਿ ਵਸਿਆ ਤਾ ਬਨਿਆ ਸੀਗਾਰ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾਂ ਸਉਪਿਆ ਭਗਤਿ ਭੰਡਾਰ॥

(-ਪੰਨਾ 950)

ਉਪਰੋਕਤ ਉਦਾਹਰਣਾਂ ਤੋ ਜ਼ਾਹਰ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨਾਂ ਦਾ ਰਾਗ ਪ੍ਰਤੀ ਕੀ ਦ੍ਰਿਸ਼ਟੀਕੋਣ ਸੀ ਇਸ ਲਈ ਗੁਰੂਆਂ ਨੇ ਰਾਗ ਨੂੰ ਗੁਰਬਾਣੀ ਵਿੱਚ ਮਿਲਾਕੇ ਇੱਕ ਅੰਮ੍ਰਿਤ ਤਿਆਰ ਕੀਤਾ ਜਿਸਨੂੰ ਅਸੀਂ ਕੀਰਤਨ ਦੇ ਨਾਂ ਨਾਲ ਜਾਣਦੇ ਹਾਂ। ਇਸ ਕੀਰਤਨ ਨੂੰ ਹੀ ਕਲਯੁਗ ਵਿੱਚ ਪ੍ਰਧਾਨਤਾ ਮਿਲੀ। ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦੀ 15 ਵੀਂ ਪਉੜੀ ਦਾ ਟੀਕਾ ਕਰਦਿਆਂ ਲਿਖਿਆ ਹੈ ਕਿ ਝਾਝੂ ਮੁਕੰਦ ਤੇ ਕੇਦਾਰਾ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਆਏ- ਗਰੀਬ ਨਵਾਜ ਜੀ। ਅਸਾਡਾ ਉਧਾਰ ਕਯੋਂ ਕਰ ਹੋਵੈ?

ਬਚਨ ਹੋਇਆ—"ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਯੁੱਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹੁ ਸਾਂਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।"[9]

**ਗੁਰਬਾਣੀ ਸੰਗੀਤ ਜਾਂ ਕੀਰਤਨ ਦੀ ਵਿੱਲਖਣਤਾ —**

ਪ੍ਰੋ ਤਾਰਾ ਸਿੰਘ ਅਨੁਸਾਰ ਗੁਰਬਾਣੀ ਸੰਗੀਤ ਕੋਈ ਅਡਰਾ ਸੰਗੀਤ ਨਹੀਂ। ਇਹ ਭਾਰਤੀ ਸੰਗੀਤ ਦਾ ਹੀ ਅਨਿਖੜਵਾਂ ਅੰਗ ਹੈ। ਗੁਰਬਾਣੀ ਸੰਗੀਤ ਦਾ ਮੂਲ ਅਧਾਰ ਵੀ ਭਾਰਤੀ ਸੰਗੀਤ ਹੀ ਹੈ ਪਰ ਇਸ ਦੀਆਂ ਕੁਝ ਮੌਲਿਕ ਵਿਸ਼ੇਸ਼ਤਾਵਾਂ ਵੀ ਹਨ ਜਿਸ ਕਾਰਨ ਇਸਨੇ ਭਾਰਤੀ ਸੰਗੀਤ ਵਿੱਚ ਇਕ ਨਿਵੇਕਲਾ ਸਥਾਨ ਪ੍ਰਾਪਤ ਕਰ ਲਿਆ ਹੈ।[10] ਬੇੱਸ਼ਕ ਗੁਰੂ ਗ੍ਰੰਥ ਸਾਹਿਬ ਵਿੱਚ ਤਾਂ 31 ਰਾਗ ਹਨ ਪਰ ਇਨਾਂ ਦੇ ਅਧੀਨ 29 ਰਾਗ ਹੋਰ ਵੀ ਹਨ ਜੋ ਆਪਣੀ ਵੱਖਰੀ ਪਛਾਣ ਰੱਖਦੇ ਹਨ।

| | | |
|---|---|---|
| 1) ਗਉੜੀ ਗੁਆਰੇਰੀ | 2) ਗਉੜੀ ਦੱਖਣੀ | 3) ਗਉੜੀ ਚੇਤੀ |
| 4) ਗਉੜੀ ਬੈਰਾਗਣ | 5) ਗਉੜੀ ਦੀਪਕੀ | 6) ਗਉੜੀ ਪੂਰਬੀ ਦੀਪਕੀ |
| 7) ਗਉੜੀ ਪੂਰਬੀ | 8) ਗਉੜੀ ਮਾਝ | 9) ਗਉੜੀ ਮਾਲਾ |
| 10) ਗਉੜੀ ਮਾਲਵਾ | 11) ਗਉੜੀ ਸੋਰਠ | 12) ਆਸਾ ਕਾਫੀ |
| 13) ਆਸਾਵਰੀ | 14) ਦੇਵ ਗੰਧਾਰ | 15) ਵਡਹੰਸ ਦੱਖਣੀ |
| 16) ਤਿਲੰਗ ਕਾਫੀ | 17) ਸੂਹੀ ਕਾਫੀ | 18) ਸੂਹੀ ਲਲਿਤ |
| 19) ਬਿਲਾਵਲ ਦੱਖਣੀ | 20) ਬਿਲਾਵਲ ਗੌਂਡ | 21) ਰਾਮਕਲੀ ਦੱਖਣੀ |
| 22) ਨਟ | 23) ਮਾਰੂ ਕਾਫੀ | 24) ਮਾਰੂ ਦੱਖਣੀ |
| 25) ਬਸੰਤ ਹਿਡੋਲ | 26) ਕਲਿਆਣ ਭੋਪਾਲੀ | 27) ਪ੍ਰਭਾਤੀ ਦੱਖਣੀ |
| 28) ਪ੍ਰਭਾਤੀ ਵਿਭਾਸ | 29) ਬਿਭਾਸ ਪ੍ਰਭਾਤੀ ਆਦਿ। | |

ਇਸ ਪ੍ਰਕਾਰ ਗੁਰਮਤਿ ਸੰਗੀਤ ਕੋਲ 60 ਰਾਗਾਂ ਦਾ ਵੱਡਮੁੱਲਾ ਖ਼ਜ਼ਾਨਾ ਹੈ। ਇਹਨਾਂ ਵਿਚੋਂ ਕੁਝ ਅਜਿਹੇ ਰਾਗ ਵੀ ਹਨ ਜੋ ਗੁਰਮਤਿ ਸੰਗੀਤ ਦੀ ਮੌਲਿਕਤਾ ਦੇ ਸਬੂਤ ਦਿੰਦੇ ਹਨ। ਡਾ: ਗੁਰਨਾਮ ਸਿੰਘ ਅਨੁਸਾਰ ਨਿਮਨ ਲਿਖਤ ਰਾਗਾਂ ਨੂੰ ਗੁਰਮਤਿ ਪੱਧਤੀ ਦੇ ਮੌਲਿਕ ਰਾਗ ਮੰਨਿਆ ਜਾ ਸਕਦਾ ਹੈ [11]—

| | | |
|---|---|---|
| 1) ਮਾਝ | 2) ਗਉੜੀ ਗੁਆਰੇਰੀ | 3) ਗਉੜੀ ਬੈਰਾਗਣ |
| 4) ਗਉੜੀ ਦੀਪਕੀ | 5) ਗਉੜੀ ਪੂਰਬੀ ਦੀਪਕੀ | 6) ਗਉੜੀ ਮਾਝ |
| 7) ਗਉੜੀ ਮਾਲਵਾ | 8) ਗਉੜੀ ਮਾਲਾ | 9) ਗਉੜੀ ਸੋਰਠ |
| 10) ਆਸਾ | 11) ਆਸਾ ਕਾਫੀ | 12) ਵਡਹੰਸ |
| 13) ਤਿਲੰਗ ਕਾਫੀ | 14) ਸੂਹੀ ਕਾਫੀ | 15) ਸੂਹੀ ਲਲਿਤ |
| 16) ਬਿਲਾਵਲ ਗੌਂਡ | 17) ਮਾਰੂ ਕਾਫੀ | 18) ਮਾਰੂ |
| 19) ਤੁਖਾਰੀ | 20) ਬਸੰਤ ਹਿੰਡੋਲ | 21) ਪ੍ਰਭਾਤੀ ਬਿਭਾਸ |
| 22) ਬਿਭਾਸ ਪ੍ਰਭਾਤੀ ਆਦਿ। | | |

ਪੰਡਤ ਦਲੀਪ ਚੰਦਰ ਵੇਦੀ ਅਨੁਸਾਰ ਆਸਾ ਤੁਖਾਰੀ, ਬੈਰਾੜੀ ਅਤੇ ਸੂਹੀ ਆਦਿ ਰਾਗ ਤੇ ਰਾਗਣੀਆਂ ਪੰਜਾਬ ਤੋਂ ਬਾਹਰ ਘੱਟ ਵੱਧ ਹੀ ਸੁਣਾਈ ਦਿੰਦੇ ਹਨ।[12] ਗੁਰੂ ਨਾਨਕ ਦੇਵ ਜੀ ਨੇ ਛੇ ਰਾਗਾਂ ਨੂੰ ਗੁਰਮਤਿ ਸੰਗੀਤ ਮਾਲਾ ਦਾ ਸ਼ਿੰਗਾਰ ਬਣਾਇਆ।

ਗੁਰੂ ਸਾਹਿਬਾਨਾਂ ਨੇ ਸੰਗੀਤ (ਕੀਰਤਨ) ਨੂੰ ਸਰਲ ਬਣਾਉਣ ਲਈ ਆਪਣੇ ਸੰਗੀਤ ਵਿੱਚ ਦੇਸੀ ਸੰਗੀਤ ਅਤੇ ਮਾਰਗੀ ਸੰਗੀਤ ਦਾ ਮਿਲਾਪ ਕਰ ਦਿੱਤਾ ਕਿਉਂਕਿ ਮਾਰਗੀ ਸੰਗੀਤ ਆਪਣੇ ਕਰੜੇ ਬੰਧਨਾਂ ਅਧੀਨ ਸੀ ਇਸਨੂੰ ਆਮ ਜਨਤਾ ਸਮਝ ਨਹੀਂ ਸਕਦੀ ਸੀ ਕਿਉਂਕਿ ਇਸਦਾ ਮੁੱਖ ਮੰਤਵ ਕਲਾ ਪ੍ਰਦਰਸ਼ਨ ਕਰਨਾ ਹੀ ਸੀ ਪਰ ਗੁਰੂਆਂ ਨੇ ਰਾਗ ਨੂੰ ਜਾਂ ਕਲਾ ਨੂੰ ਗੁਰਬਾਣੀ ਦੇ ਅਧੀਨ ਮੰਨਿਆ। ਗੁਰਬਾਣੀ ਸੰਗੀਤ ਦੀ ਇਹ ਹੀ ਖਾਸ ਵਿੱਲਖਣਤਾ ਹੈ ਕਿ ਇਸਨੇ ਸ਼ਬਦ ਨੂੰ ਪ੍ਰਧਾਨਤਾ ਦਿਤੀ ਹੈ ਰਾਗ ਨੂੰ ਅਧੀਨ ਮੰਨਿਆ। ਹੋ ਸਕਦਾ ਹੈ ਜੇ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਨੂੰ ਪ੍ਰਧਾਨਤਾ ਦੇ ਦਿੰਦੇ ਤਾਂ ਇਹ ਕਲਾ ਪ੍ਰਦਰਸ਼ਨ ਕਰਨ ਦਾ ਹੀ ਸਾਧਨ ਬਣ ਜਾਂਦਾ।

ਦੇਸੀ ਸੰਗੀਤ ਆਮ ਜਨਤਾ ਜਲਦੀ ਸਮਝ ਜਾਂਦੀ ਹੈ। ਕਿਉਂਕਿ ਦੇਸੀ ਸੰਗੀਤ ਕਿਸੇ ਸ਼ਾਸਤਰ ਦੇ ਕਰੜੇ ਬੰਧਨਾਂ ਦੇ ਅਧੀਨ ਨਹੀਂ ਹੁੰਦਾ। ਇਹ ਸੰਗੀਤ ਲੋਕਾਂ ਦੀ ਭਾਵਨਾਤਮਕ ਬੋਲੀ ਦਾ ਹੀ ਸਿਰਜਿਆ ਹੁੰਦਾ ਹੈ। ਮੈਨੂੰ ਤਾਂ ਲੱਗਦੈ ਇਸ ਸੰਗੀਤ ਦੀ ਹੋਂਦ ਹੀ ਮਾਰਗੀ ਸੰਗੀਤ ਦੇ ਕਰੜੇ ਬੰਧਨਾਂ ਦੇ ਪ੍ਰਤੀਕਰਮ ਵਜੋਂ ਹੋਈ ਹੈ। ਗੁਰੂ ਸਾਹਿਬਾਨਾਂ ਨੇ ਇਸ ਲੋਕ ਸੰਗੀਤ ਦੇ ਵਿਰਸੇ ਨੂੰ ਆਪਣੇ ਗੁਰਮਤਿ ਸੰਗੀਤ ਦੇ ਗਲੇ ਲਾ ਦਿੱਤਾ ਇਹਨਾਂ ਦੇ ਵੱਖ ਵੱਖ ਰੂਪ ਇਸ ਤਰਾਂ ਹਨ –

1. ਆਲਾਹੁਣੀ 2. ਆਰਤੀ 3. ਅੰਜੁਲੀ
4. ਸੱਦ 5. ਸੋਹਿਲਾ 6. ਕਾਫੀ
7. ਕਰਹਲੇ 8. ਥਿਤੀ 9. ਘੋੜੀਆਂ
10. ਚਉਬੋਲੇ 11. ਛੰਤ 12. ਡੱਖਣੇ
13. ਦਿਨ ਰੈਣ 14. ਬਿਰਹੜੇ 15. ਪਹਰੇ
16. ਪੱਟੀ 17. ਬਾਰਾਮਾਹ 18. ਬਾਵਨ ਅਖਰੀ
19. ਰੁਤੀ ਆਦਿ

ਇਹਨਾਂ ਤੋਂ ਛੁੱਟ ਵਾਰ ਕਾਵਿ ਰੂਪ ਨੂੰ ਵੀ ਅਪਣਾਇਆ ਗੁਰੂ ਗ੍ਰੰਥ ਸਾਹਿਬ ਵਿੱਚ 22ਵਾਰਾਂ ਹਨ ਅਤੇ ਉਨਾਂ ਨੂੰ ਪ੍ਰਚਲਿਤ 9ਲੋਕ ਧੁਨੀਆਂ ਦੀਆਂ ਤਰਜ਼ਾ ਤੇ ਗਾਉਣ ਦੇ ਸੰਕੇਤ ਕੀਤੇ ਹਨ।

ਗੁਰਮਤਿ ਸੰਗੀਤ ਦੀ ਸਰਬੋਤਮ ਦੇਣ ਹੈ ਪੜਤਾਲ ਗਾਇਕੀ ਜੋ ਭਾਰਤੀ ਸੰਗੀਤ ਵਿੱਚ ਅਨੂਠਾ ਚਮਤਕਾਰ ਹੈ ਪੜਤਾਲ ਵਿੱਚ ਅਸਥਾਈ ਤੋਂ ਛੁੱਟ ਅਗਲੇ ਅੰਤਰਿਆਂ ਵਿੱਚ ਤਾਲ ਬਦਲਦਾ ਰਹਿੰਦਾ ਹੈ। ਆਮ ਤੌਰ ਤੇ ਪੰਜ ਤਾਲਾਂ ਦੇ ਲਗਭਗ ਹੀ ਤਾਲ ਬਦਲਦੇ ਹਨ ਗੁਰੂ ਗ੍ਰੰਥ ਸਾਹਿਬ ਵਿੱਚ 55ਪੜਤਾਲਾਂ ਹਨ। 19ਗੁਰੂ ਰਾਮਦਾਸ ਜੀ ਦੀਆਂ ਅਤੇ 36 ਗੁਰੂ ਅਰਜਨ ਦੇਵ ਜੀ ਦੀਆਂ ਪੜਤਾਲਾਂ ਹਨ।

ਵੱਖ ਵੱਖ ਗੁਰੂ ਸਾਹਿਬਾਨਾਂ ਦੇ ਜੀਵਨ ਕਾਲ ਵਿੱਚ ਵੱਖ ਰਾਗੀ ਆਪਣੀ ਸੇਵਾ ਨਿਭਾਉਂਦੇ ਰਹੇ। ਕੀਰਤਨ ਪ੍ਰਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੁੰਦਾ ਹੈ। ਕੀਰਤਨ ਵਿੱਚ ਆਪਜੀ ਨਾਲ ਭਾਈ ਮਰਦਾਨਾ ਜੀ ਰਬਾਬ ਨਾਲ ਸੇਵਾ ਕਰਦੇ ਰਹੇ। ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਭਾਈ ਮਰਦਾਨੇ ਦੇ ਸ਼ਾਗਿਰਦ ਭਾਈ ਬਾਦੂ ਅਤੇ ਭਾਈ ਸਾਦੂ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣਾਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। (ਦੇਖੋ ਪਹਿਲਾ ਪੰਨਾ 176)[13] ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਵੀ ਇਹ ਹੀ ਰਾਗੀ ਕੀਰਤਨ ਦੀ ਸੇਵਾ ਕਰਦੇ ਰਹੇ।

ਗੁਰੂ ਅਰਜਨ ਜੀ ਦੇ ਦਰਬਾਰ ਵਿੱਚ ਭਾਈ ਸੱਤਾ ਤੇ ਭਾਈ ਬਲਵੰਡ ਕੀਰਤਨ ਦੀ ਸੇਵਾ ਕਰਦੇ ਰਹੇ ਹਨ। ਉਨਾਂ ਦੇ ਹੰਕਾਰੀ ਹੋ ਜਾਣ ਦੇ ਬਾਦ ਗੁਰੂ ਜੀ ਨੇ ਸੰਗਤ ਨੂੰ ਕੀਰਤਨ ਦੀ ਦਾਤ ਬਖਸ਼ਿਸ ਕੀਤੀ।

ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿੱਚ ਭਾਈ ਨੱਥਾ ਤੇ ਭਾਈ ਅਬਦੁਲਾ ਤੇ ਭਾਈ ਬਾਬਕ ਕੀਰਤਨ ਤੇ ਵਾਰਾਂ ਗਾਇਨ ਕਰਦੇ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਭਾਈ ਸਦੂ ਭਾਈ ਮਦੂ ਆਸਾ ਦੀ ਵਾਰ ਦਾ ਕੀਰਤਨ ਕਰਦੇ ਰਹੇ।

ਸਦੂ ਮਦੂ ਆਸਾ ਵਾਰ।।
ਕੀਰਤਨ ਕਰਦੇ ਰਾਗ ਸੁਧਾਰ।।

(ਗੁਰਪ੍ਰਤਾਪ ਸੂਰਜ)

ਕੀਰਤਨ ਨੂੰ ਰਸ ਭਿੰਨਾ ਬਣਾਉਣ ਲਈ ਸਮੇਂ ਸਮੇਂ ਵੱਖ ਵੱਖ ਸਾਜ਼ਾਂ ਦੀ ਵਰਤੋਂ ਕੀਤੀ ਜਾਂਦੀ ਰਹੀ। ਗੁਰੂ ਦਰਬਾਰ ਵਿੱਚ ਜ਼ਿਆਦਾ ਤੌਰ ਤੇ ਤੰਤੀ ਸਾਂਜ਼ਾਂ ਦੀ ਵਰਤੋਂ ਹੀ ਕੀਤੀ ਜਾਂਦੀ ਸੀ ਜੋ ਹੁਣ ਅਲੋਪ ਹੁੰਦੇ ਜਾ ਰਹੇ ਹਨ। ਅੱਜਕਲ ਕੀਰਤਨ ਜ਼ਿਆਦਾਤਰ ਹਰਮੋਨੀਅਮ ਨਾਲ ਹੀ ਕੀਤਾ ਜਾਂਦਾ ਹੈ। ਤੰਤੀ ਸਾਂਜ਼ਾਂ ਦੀ ਵਰਤੋਂ ਕਿਤੇ ਹੀ ਹੈ। ਉਹ ਵੀ ਮਾਮੂਲੀ ਜਿਹੀ। ਇਹਨਾ ਸਾਜ਼ਾਂ ਵਿੱਚ ਰਬਾਬ ਸਰੰਦਾ ਤਾਨਪੁਰਾ, ਸਿਤਾਰ, ਦਿਲਰੂਬਾ, ਤਾਊਸ, ਤਬਲਾ, ਢੋਲਕੀ (ਢਡ, ਸਰੰਗੀ) ਆਦਿ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ।

**ਕੀਰਤਨ ਜਿਹੜਾ ਅਨੰਤ ਜਿੰਦਗੀ ਵੱਲ ਲੈ ਜਾਂਦਾ ਹੈ —**

ਮਨੁੱਖ ਦੀ ਸਮੀਮ ਹਸਤੀ ਨੂੰ ਅਸੀਮ ਪ੍ਰਮਾਤਮਾ ਵਿੱਚ ਅਭੇਦ ਕਰਨਾ ਕੀਰਤਨ ਦਾ ਮੁੱਖ ਮਨੋਰਥ ਹੈ। ਅਸੀਮ ਪ੍ਰਮਾਤਮਾ ਵਿੱਚ ਅਭੇਦ ਹੋਣ ਲਈ ਕਈ ਮੰਜ਼ਲਾਂ ਤੈਅ ਕਰਨੀਆਂ ਪੈਂਦੀਆਂ ਹਨ। ਇਸ ਸਮੇਂ ਦੌਰਾਨ ਮਨੁੱਖ ਨੇ ਆਪਣੇ ਅਚੇਤ ਅਤੇ ਸੁਚੇਤ ਮਨ ਨੂੰ ਪੂਰਨ ਰੂਪ ਵਿੱਚ ਜਗਾਉਣਾ ਹੈ। ਮਨ ਦੀ ਹਾਲਤ ਇਸ ਤਰਾਂ ਦੀ ਬਣਾਉਣੀ ਹੈ। ਇਤਨਾ ਉੱਚਾ ਉਠਾਉਣਾ ਹੈ। ਜਿਥੇ ਜਾ ਕੇ ਸਮੀਮ ਅਤੇ ਅਸੀਮ ਇਕ ਹੋ ਜਾਣ। ਇਥੇ ਪੁਜਕੇ ਸਾਧਕ ਨੂੰ ਸੰਸਾਰ ਦੀ ਹਰ ਵਸਤੂ ਕੀਰਤਨ ਕਰਦੀ ਮਹਿਸੂਸ ਹੁੰਦੀ ਹੈ। ਦਿਨ ਰਾਤ ਕੀਰਤਨ ਕਰਦੇ ਲੱਗਦੇ ਇਹੋ ਜਿਹੀ ਅਵਸਥਾ ਬਾਰੇ ਮਿਖਾਇਲ ਨਈਮੀ ਲਿਖਦੇ ਹਨ– "ਰਾਤ ਦੀ ਸੰਗੀਤ ਮੰਡਲੀ ਨੂੰ ਧਿਆਨ ਨਾਲ ਸੁਣੋ ਕਿਉਂਕਿ ਰਾਤ ਸਚਮੁੱਚ ਹੀ ਇਕ ਬੇਜੋੜ ਗਵਈਆ ਹੈ, ਭੂਤ ਦੀਆਂ ਅਤਿਅੰਤ ਹਨੇਰੀਆਂ ਤ੍ਰੇੜਾਂ ਵਿਚੋਂ

ਭਵਿਖਤ ਦੇ ਅਤਿਅੰਤ ਚਮਕਦੇ ਕਿਲਿਆਂ ਵਿਚੋਂ ਗਗਨਾਂ ਦੇ ਬੁਰਜਾਂ ਵਿਚੋਂ ਧਰਤੀ ਦੀਆਂ ਡੂਘਾਣਾ ਵਿਚੋਂ ਰਾਤ ਦੀਆਂ ਆਵਾਜ਼ਾਂ ਜਦੋਂ ਤੇਜੀ ਨਾਲ ਬ੍ਰਹਿਮੰਡ ਦੇ ਸਭ ਤੋਂ ਦੂਰਵਰਤੀ ਕੰਢਿਆ ਤੱਕ ਅਪੜਦੀਆਂ ਹਨ ਤਾਂ ਤੁਹਾਡੇ ਕੰਨਾਂ ਦੁਆਲੇ ਉਹ ਮਹਾਨ ਲਹਿਰਾਂ ਵਾਂਗ ਉਠਦੀਆਂ ਢਹਿੰਦੀਆਂ ਹਨ। ਆਪਣੇ ਕੰਨਾਂ ਦਾ ਬੋਝ ਉਤਾਰੋ ਤਾਂ ਜੋ ਤੁਸੀਂ ਇਹਨਾਂ ਨੂੰ ਭਲੀ ਭਾਂਤ ਸੁਣ ਸਕੋਂ।'' [14] ਮਨ ਨੂੰ ਉਪਰੋਕਤ ਹਾਲਤ ਵਿੱਚ ਲਿਜਾਉਣਾ ਕੋਈ ਸੌਖਾ ਕੰਮ ਨਹੀਂ ਕਿਉਂਕਿ ''ਮਨ ਪੱਥਰ-ਹੀਰਾ ਹੈ। ਜਿਤਨਾਂ ਚਿਰ ਮਨ ਵਿੱਚ ਸੁਰਾਖ ਨਾ ਹੋ ਜਾਵੇ ਇਹ ਧਾਗੇ ਵਿਚ ਪ੍ਰੋਤਾ ਨਹੀਂ ਜਾ ਸਕਦਾ। ਕੀਰਤਨ ਭੀ ਅਮੋਲਕ ਹੀਰਾ ਹੈ। ਕੇਵਲ ਹੀਰਾ ਹੀ ਹੀਰੇ ਨੂੰ ਵਿੰਨ੍ਹ ਸਕਦਾ ਹੈ। ਹੀਰੇ ਦੀ ਮਣੀ ਨਾਲ ਹੀ ਹੀਰੇ ਵਿੱਚ ਛੇਕ ਕੀਤਾ ਜਾ ਸਕਦਾ ਹੈ।''[15]

## ਹਵਾਲੇ


9. ਗੁਰਮਤਿ ਮਾਰਤੰਡ - ਪੰਨਾ- 302
10. 'ਅੰਮ੍ਰਿਤ ਕੀਰਤਨ' ''ਪ੍ਰੋ. ਤਾਰਾ ਸਿੰਘ ਵਿਸ਼ੇਸ਼ ਅੰਕ'' ਵਿਚੋਂ -
11. ਮਾਸਕ ਪੱਤਰ ਸੱਚ ਖੰਡ ਪੱਤਰਕਾ ਚੋਂ-
12. ਡਾ. ਦਿੱਲ, ''ਅਮਰ ਕਵੀ ਗੁਰੂ ਅਮਰਦਾਸ'' - ਪੰਨਾ- 81
13. ਮਾਸਕ ਪੱਤਰ ''ਗੁਰਮਤਿ ਪ੍ਰਕਾਸ਼'' ਚ ਛਪੇ ਜਥੇਦਾਰ ਕਿਰਪਾਲ ਸਿੰਘ ਦੇ ਲੇਖ ''ਸ਼੍ਰੀ ਹਰੀਮੰਦਰ ਸਾਹਿਬ ਦੇ ਕੀਰਤਨੀਏ, ਰਬਾਬੀ ਤੇ ਰਾਗੀ'' ਚੋਂ
14. ਮਿਖਾਇਲ ਨੁਈਮੀ ''ਪੀਰਵਾਨ ਦੀ ਪੁਸਤਕ'' - ਪੰਨਾ-243
15. ਮਾਸਕ ਪੱਤਰ 'ਗੁਰਮਤਿ ਪ੍ਰਕਾਸ਼' ਦੇ ''ਗੁਰਮਤਿ ਸੰਗੀਤ'' ਵਿਸ਼ੇਸ਼ ਅੰਕ ਚੋਂ-

# ਮੇਰਾ ਜੀਵਨ ਮਨੋਰਥ

**ਜੇ. ਪੀ. ਨੰਦਾ**

***ਅੰਕ ਫਰਵਰੀ 1993 ਤੋਂ ਅੱਗੇ***

ਬਨਾਰਸ ਅਸੀਂ ਇਕ ਦਿਨ ਤੇ ਇਕ ਰਾਤ ਠਹਿਰਨਾ ਸੀ।। ਗੁਰਦਵਾਰਾ ਗੁਰੂ ਕਾ ਬਾਗ ਪਹੁੰਚੇ ਤੇ ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਭਰੀ ਤੇ ਅੰਮ੍ਰਿਤ ਵੇਲੇ ਇਸ਼ਨਾਨ ਲਈ ਤਿਆਰ ਹੋ ਰਹੇ ਸੀ ਕਿ ਸ਼ਕੁੰਤਲਾ ਜੀ ਕੁਝ ਨਿਰਾਸ ਤੇ ਘਬਰਾਈ ਹੋਈ ਆਵਾਜ਼ ਵਿਚ ਕਹਿਣ ਲੱਗੇ ਕਿ ਟੱਟੀਆਂ ਦਾ ਉਹ ਬੁਰਾ ਹਾਲ ਹੈ ਕਿ ਕਿਸੇ ਵੀ Toilet ਵਿਚ ਪੈਰ ਰੱਖਣ ਦੀ ਜਗ੍ਹਾ ਨਹੀ। ਮੇਰੇ ਹੱਥ ਵਿੱਚ ਇੱਕ ਬਾਲਟੀ ਤੇ ਇੱਕ ਝਾੜੂ ਸੀ ਜਿਸ ਨਾਲ ਮੈਂ 6 ਟੱਟੀਆਂ ਸਾਫ਼ ਕੀਤੀਆਂ ਸਨ ਤੇ ਉਹਨਾਂ ਨੂੰ ਵੀ ਬੀਬੀਆਂ ਵਾਲੀ ਸਾਈਡ ਨੂੰ ਇਓਂ ਹੀ ਕਰਨ ਲਈ ਬੇਨਤੀ ਕੀਤੀ।। ਵਾਹਿਗੁਰੂ ਨੇ ਉਹਨਾ ਨੂੰ ਇਹ ਸੇਵਾ ਕਰਨ ਲਈ ਉਤਸ਼ਾਹ ਦਿੱਤਾ ਪਰ ਅਸੀਂ ਪ੍ਰਧਾਨ ਸਾਹਿਬ ਨੂੰ ਖੋਜ ਰਹੇ ਸੀ।। ਸੇਵਾਦਾਰ ਨੇ ਦੱਸਿਆ ਉਹ ਇਕ ਬੜੇ ਮਸਰੂਫ ਆਦਮੀ ਹਨ ਤੇ ਫਿਰ ਵੀ ਕਦੀ ਗੁਰਦਵਾਰੇ ਆਣ ਦਾ ਟਾਈਮ ਕੱਢ ਲੈਂਦੇ ਹਨ ਤਾਂ ਅਸੀਂ ਬੇਨਤੀ ਕੀਤੀ ਕਿ ਉਹਨਾਂ ਨੂੰ ਕਹਿਣਾ ਕਿ ਉਹ ਅਸਤੀਫ਼ਾ ਦੇਕੇ ਆਪਣੀ ਜਗ੍ਹਾ ਉਸ ਸਜਨ ਨੂੰ ਦੇਣ ਜੋ ਗੁਰਦਵਾਰੇ ਨੂੰ ਟਾਈਮ ਦੇ ਸਕੇ।। ਅਸਾਨੂੰ ਓਸ ਮਹਾਨ ਪੁਰਸ਼ ਦੇ ਦਰਸ਼ਨ ਵੀ ਹੋ ਗਏ ਜਦ ਉਹਨਾਂ ਨੇ ਨਾਸ਼ਤੇ ਤੇ ਕੀਰਤਨ ਵਾਸਤੇ ਅਸਾਨੂੰ ਘਰ ਬੁਲਾਇਆ।। ਅਸੀ ਜਾਂਦੇ ਹੀ ਆਪਣੇ Remarks ਦਹੁਰਾਏ।। ਉਹ ਹੱਸ ਕੇ ਬੋਲੇ, ਨੰਦਾ ਜੀ, ਤੁਸੀ ਠੀਕ ਆਖਦੇ ਹੋ; ਮੈਂ ਕਈ ਦਫਾ ਜਾ ਕੇ ਬਾਥ ਰੂਮ ਆਪਣੇ ਸਾਹਮਣੇ ਸਾਫ ਕਰਵਾਏ ਹਨ। ਪਰ ਜਿਹਨਾਂ ਦੀ ਇਹ ਡਿਊਟੀ ਹੈ ਉਹ ਇਸ ਨੂੰ ਆਪਣਾ ਫ਼ਰਜ਼ ਨ ਜਾਣ ਕੇ ਅਣਗਹਿਲੀ ਹੀ ਕਰੀ ਜਾਂਦੇ ਹਨ।। ਹੁਣ ਉਥੇ ਕੁਝ ਕਮਰੇ attached ਬਾਥ ਨਾਲ ਵੀ ਬਣਾਏ ਹਨ ਪਰ ਉਹ ਮਹਾਨ ਪੁਰਸ਼ ਹਮੇਸ਼ਾ ਅਸਾਨੂੰ ਆਪਣੇ ਘਰ ਹੀ ਠਹਿਰਾਂਦੇ ਹਨ ਤੇ ਹੋਟਲ ਹੁੰਦਿਆ ਖਾਣਾ ਭੈਣ ਜੀ ਖੁਦ ਪਕਾਂਦੇ ਹਨ।। ਤੇ ਉਹ ਦੋਵੇਂ ਸੇਵਾ ਵਿਚ ਜੁਟ ਜਾਂਦੇ ਹਨ।। ਉਹਨਾਂ ਦੇ ਵੱਡੇ ਭਰਾ ਸ. ਤ੍ਰਿਲੋਕ ਸਿੰਘ ਤਾਂ ਪਰਮਾਰਥ

ਦੇ ਸਿਵਾ ਹੋਰ ਕੋਈ ਗਲ ਹੀ ਨਹੀ ਕਰਦੇ ਤੇ ਗੁਰਬਾਣੀ ਤੇ ਉਹਦਾ ਵਿਚਾਰ ਹਰ ਸਮੇਂ ਉਹਨਾਂ ਦੀ ਜ਼ਬਾਨ ਤੇ ਰਹਿੰਦਾ ਹੈ।। ਊਹ ਆਪਣੀਆਂ ਮਿੱਠੀਆਂ ਦਲੀਲਾਂ ਨਾਲ ਸਾਰਿਆਂ ਨੂੰ ਮੋਹ ਲੈਂਦੇ ਹਨ।।

ਬਨਾਰਸ ਦੇ ਇਸ ਸਮਾਗਮ ਵਿਚ ਕਾਫ਼ੀ ਚਿਰ ਲੱਗ ਗਿਆ ਤੇ ਅਗਲਾ ਪੜਾ ਸੀ ਧੰਨਬਾਦ।। ਪਹੁੰਚਦੇ ਪਹੁੰਚਦੇ ਰਾਤ ਹੀ ਪੈ ਗਈ ਤੇ ਅਚਾਨਕ ਗੱਡੀ ਦੀ ਫੈਨ ਬੈਲਟ ਟੁੱਟ ਗਈ।। ਇਕ ਢਾਬੇ ਦੀ ਲਾਈਟ ਤੇ ਫ਼ੈਨ ਬੈਲਟ ਬਦਲਣ ਦੀ ਕੋਸ਼ਿਸ਼ ਕਰਦੇ ਰਹੇ।। ਇਕ ਸਰਦਾਰ ਡਰਾਈਵਰ ਦੇਖੀ ਜਾ ਰਿਹਾ ਸੀ, ਉਠਕੇ ਕਹਿਣ ਲੱਗਾ, ''ਛੱਡੋ ਬਾਊ ਜੀ, ਏਹ ਤੁਹਾਡੇ ਵਸ ਦਾ ਰੋਗ ਨਹੀ'' ਆਪਣੀ ਬਾਂਹ ਕੱਢ ਕੇ ਇਕ ਹੱਥ ਨਾਲ ਝਟਕਾ ਮਾਰ ਕੇ ਮਿੰਟਾਂ ਵਿਚ ਬੈਲਟ ਬੱਦਲ ਦਿਤੀ।। ਢਾਬੇ ਦਾ ਮਾਲਕ ਇਕ ਬ੍ਰਾਹਮਨ, ਪਾਸ ਆ ਕੇ ਕਹਿਣ ਲੱਗਾ ਕਿ ਸਵਛ , ਵੈਸ਼ਨੋ ਭੋਜਨ ਤਿਆਰ ਹੈ।। ਅਸੀਂ ਰਸਤੇ ਵਿਚ ਬਾਹਰ ਦਾ ਬਣਿਆ ਘਟ ਹੀ ਖਾਂਦੇ ਸੀ ਕਿ ਭਾਈ ਵੀਰ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਕਈ ਜਗ੍ਹਾਂ ਚੇਤਾਵਨੀਆਂ ਦਿੱਤੀਆਂ ਸਨ ਅਸੀਂ ਸੀ ਵੀ ਵੈਸ਼ਨੋ ਅਹਾਰ ਖਾਣ ਵਾਲੇ ਤਾਂ ਇਸ ਤੋਂ ਪਹਲੇ ਕਿ ਅਸੀ ਕੁਝ ਜਵਾਬ ਦੇਂਦੇ ਚਾਰੋਂ ਬੱਚੇ ਬਾਹਰ ਆ ਕੇ ਡੱਟ ਗਏ ਕਿ ਭੁੱਖ ਲੱਗੀ ਹੈ।। ਅਸੀ ਸਾਰਿਆਂ ਭਰ ਪੇਟ ਖਾਣਾ ਖਾਇਆ, ਕੁਝ ਅਜੀਬ ਹੀ ਮਜ਼ਾ ਸੀ।। ਫਿਰ ਖੀਰ ਆ ਗਈ ਤੇ ਸਭ ਨੇ ਉਹ ਵੀ ਛਕ ਲਈ।। ਜਦ ਡਰਦੇ ਨੇ ਬਿਲ ਮੰਗਿਆ ਤਾਂ ਇੱਨਾਂ ਘੱਟ ਸੀ ਕਿ ਅਸੀਂ ਸੋਚ ਵੀ ਨਹੀਂ ਸੀ ਸਕਦੇ।। ਇਸ ਹੋਟਲ ਨੂੰ ਅਸੀਂ ਫਿਰ ਕਈ ਵਾਰ ਢੂੰਡਣ ਦੀ ਕੋਸ਼ਸ਼ ਕੀਤੀ ਪਰ ਨ ਮਿਲਿਆ ਕੀ ਇਹ ਸਭ ਅਸਾਡੇ ਲਈ ਗੁਰੂ ਨਾਨਕ ਵਲੋਂ ਤੋਹਫਾ ਨਹੀ ਸੀ? ਟ੍ਰਕ ਦੇ ਡਰਾਈਵਰਾਂ ਨੇ ਦਸਿਆ ਕਿ ਧਨਬਾਦ ਪਹੁੰਚਣ ਲਈ ਅਗੇ ਇਕ ਘਣੇ ਜੰਗਲ ਨੂੰ ਲੰਘਣਾ ਪਏਗਾ ਤੇ ਰਾਤ ਨੂੰ ਡਰ ਹੀ ਰਹਿੰਦਾ ਹੈ, ਅਸੀਂ ਸਭ ਤਾਂ ਸਵੇਰੇ ਹੀ ਤੁਰਾਂਗੇ।। ਪਰ ਅਸੀਂ ਜਾਣਾ ਸੀ ਸਿੰਦਰੀ, ਧੰਨਬਾਦ ਤੋਂ ਵੀ 20ਮੀਲ ਅੱਗੇ। ਸੜਕ ਖਰਾਬ ਰਸਤਾ ਖ਼ਤਰਨਾਕ ।। ਪਰ ਇਹ ਸੋਚ ਕੇ ਕਿ ਸੰਗਤਾਂ ਇੰਤਜ਼ਾਰ ਵਿਚ ਹੋਣਗੀਆਂ, ਗੁਰੂ ਆਸਰੇ ਚੱਲ ਪਏ।। ਲਗਦਾ ਸੀ ਬੈਲਟ ਕੁਝ ਜ਼ਿਆਦਾ ਕਸੀ ਗਈ ਸੀ ਤੇ ਇਸ ਨਾਲ ਡਾਇਨਮੋ ਸੜ ਗਈ ਤੇ ਚਾਰਜਿੰਗ ਬੰਦ ਹੋ ਗਈ ਫਿਰ ਵੀ ਚਲਦੇ ਰਹੇ।। ਅਧੀ ਰਾਤ ਹੋ ਗਈ ਤਾਂ ਰਸਤਾ ਦਿਖਣਾ ਬੰਦ ਹੋ ਗਿਆ, ਖਡੇ ਬਹੁਤ ਸਨ, ਝਰੀਆ ਤੋਂ ਧੰਨਬਾਦ ਵਾਪਸ ਮੁੜੇ।। ਬੜੀ ਮੁਸ਼ਕਲ ਨਾਲ ਇਕ ਵਜੇ ਧੰਨਬਾਦ

ਗੁਰਦਵਾਰਾ ਸਾਹਿਬ ਪਹੁੰਚੇ ਸਭ ਗੇਟ ਬੰਦ। ਅਫ਼ਸੋਸ ਗੁਰਦਵਾਰਾ ਸਾਹਿਬ ਖੜਕਾਇਆ ਆਵਾਜ਼ਾ ਦਿੱਤੀਆਂ ਤਾਂ ਇਕ ਸੇਵਾਦਾਰ ਜੀ ਬਾਹਰ ਆਏ ਤੇ ਕਹਿਆ ਅੰਦਰ ਆਣਾ ਮਨਾ ਹੈ, ਸੈਕਟ੍ਰੀ ਸਾਹਿਬ ਦੀ ਇਜਾਜ਼ਤ ਬਗ਼ੈਰ ਰਾਤ ਨਹੀਂ ਠਹਿਰ ਸਕਦੇ। ਬੜੀਆਂ ਮਿਨਤਾਂ ਬਾਦ ਉਹਨਾਂ ਨੇ ਗੇਟ ਖੋਲਣ ਦੀ ਕ੍ਰਿਪਾ ਕੀਤੀ ਤੇ ਇਕ ਕਮਰੇ ਵੱਲ ਇਸ਼ਾਰਾ ਕੀਤਾ ਜਿਹਦੇ ਵਿਚ ਇਕ ਨਿਹੰਗ ਸਿੰਘ ਠਹਰੇ ਹੋਇ ਸਨ।। ਚਾਦਰ ਧੋਬੀ ਦੀ ਧੁਲੀ ਹੋਈ ਦੇ ਥੱਲੇ ਇਕ ਫ਼ੋਮ ਦਾ'ਗਦਾ ਵਿਛਿਆ ਸੀ ਜੋ ਚਿਰਾਂ ਤੋਂ ਸਾਫ਼ ਨ ਕੀਤੇ ਜਾਣ ਕਰਕੇ ਖਟਮਲਾਂ ਨਾਲ ਭਰਿਆ ਪਿਆ ਸੀ ਤੇ ਉਹਨਾਂ ਸਭ ਯਾਤਰੀਆਂ ਦਾ ਖੂਨ ਪੀਣ ਦਾ ਠੇਕਾ ਲਿਆ ਹੋਇਆ ਸੀ। ਸਾਡੇ ਪ੍ਰਬੰਧਕਾਂ ਨੂੰ ਕਿਉ ਇਹਨਾਂ ਜ਼ਰੂਰੀ ਚੀਜ਼ਾਂ ਤੇ ਧਿਆਨ ਦੇਣ ਦਾ ਟਾਇਮ ਨਹੀਂ ਮਿਲਦਾ।

ਪਿਤਾ ਜੀ ਨੂੰ ਉਥੇ ਲਿਟਾਇਆ ਤੇ ਆਪ ਤੇ ਧਰਮ ਪਤਨੀ ਬਾਹਰ ਇਕ ਟੁਟੀ ਧਰੰਗੀ ਮੰਜੀ (ਜੋ ਹਰ ਗੁਰਦੁਆਰੇ ਦੀ ਸ਼ਾਨ ਸਮਝੀ ਜਾਂਦੀ ਹੈ) ਤੇ ਬਿਸਤਰ ਬਿਛਾ ਕੇ ਪੈ ਗਏ।। ਪਤਾ ਨਹੀ ਰਾਤ ਕਿਸ ਤਰਾਂ ਗੁਜ਼ਰੀ ।। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਗੁਰਦਵਾਰਾ ਸਾਹਿਬ ਹਾਜ਼ਰੀ ਭਰੀ।। ਇਕ ਪ੍ਰੇਮੀ ਅਸਾਨੂੰ ਘਰ ਲੈ ਗਏ ਪਿਆਰ ਨਾਲ ਨਾਸ਼ਤਾ ਕਰਾਇਆ ਤੇ ਕਾਰ ਦੀ ਅਛੀ WORKSHOPਵਿਚ ਮੁਰੰਮਤ ਹੋਈ ਪਰ ਸਾਰਾ ਦਿਨ ਲਗਗ ਗਿਆ ।। ਅਸੀਂ ਉਹਨਾ ਨੂੰ ਸਿੰਦਰੀ ਪਤਾ ਦੇਣ ਲਈ ਕਹਿ ਦਿਤਾ।

ਅਸੀ ਸਿੰਦਰੀ ਨ ਜਾ ਸਕੇ। ਨਾਂ ਹੀ ਕਿਸੇ ਨੇ ਉਹਨਾ ਨੂੰ ਸੁਨੇਹਾ ਦਿੱਤਾ। ਚਿਰ ਮਗਰੋਂ ਪੱਤਾ ਲੱਗਾ ਕਿ ਸੰਗਤਾਂ ਪਿਆਰ ਵਿਚ 10 ਵਜੇ ਤਕ ਇੰਤਜ਼ਾਰ ਕਰਦੀਆਂ ਰਹੀਆ।। ਏਹ ਵੀ ਉਹ ਦੇ ਹੁਕਮ ਵਿੱਚ ਹੀ ਸੀ।।

''ਜੋ ਤਧੁ ਭਾਵੈ ਸਾਈ ਭਲੀ ਕਾਰ।।''

ਏਥੋਂ ਟਾਟਾ ਨਗਰ ਸਾਕਚੀ ਤੇ ਬਾਲਾਸੋਰਦੇ ਗੁਰਦਵਾਰਿਆਂ ਵਿਚ ਹਾਜ਼ਰੀ ਭਰ ਕੇ ਅਸੀ ਭਾਲਚਰ ਵਾਪਸ ਪੁੱਜ ਗਏ ਤੇ ਅਸਾਡੇ ਸਭ ਸੱਜਣ ਮਿਤਰ ਅਸਾਨੂੰ ਸਹੀ ਸਲਾਮਤ ਦੇਖ ਕੇ ਹੈਰਾਨ ਵੀ ਹੋਇ ਤੇ ਖੁਸ਼ ਵੀ ।।

ਅਸੀਂ ਗੁਰੂ ਬਾਬੇ ਦਾ ਬੇਅੰਤ ਸ਼ੁਕਰ ਕੀਤਾ ਕਿ ਰਾਹ ਪੈਂਡੇ ਵਿੱਚ ਹਰ ਥਾਂ ਸਹਾਇਤਾ ਕੀਤੀ ਤੇ ਅਸਾਨੂੰ ਉਤਸ਼ਾਹ ਦਿਤਾ ਕਿ ਏਹ ਕੀਰਤਨ ਟੂਰ ਹੀ ਅਸਾਡੇ ਜੀਵਨ ਦਾ ਇਕ ਨਿਰੋਲ ਲਕਸ਼ ਰਹੇਗਾ।।

ਅਸੀਂ ਜਲਦੀ ਹੀ ਇਸ ਤੋਂ ਵੀ ਲੰਬੇ ਟੂਰ ਦੀ ਪਲੈਨਿੰਗ ਸ਼ੁਰੂ ਕਰ ਦਿੱਤੀ। ਤੇ ਫਿਰ ਦੋ ਸਾਲ ਵਿੱਚ ਇੱਕ ਵੇਰ ਕੀਰਤਨ ਟੂਰ ਤੇ ਜਾਣਾ ਇਕ ROUTINE ਬਣ ਗਈ।।

"ਚਿਤਵਉ ਵਾ ਅਵਸਰ ਮਨਮਹਿ ....................

**OnKar Nath Health Centre**
**Domet P. O. Ashok Asharm**
**Distt. Dehradun U.P**

# ਗੁਰੂ ਕਾਵਿ ਵਿੱਚ ਅਨੁਭਵ ਅਤੇ ਸੰਗੀਤ ਦਾ ਸੰਬੰਧ

ਡਾ. ਜਾਗੀਰ ਸਿੰਘ

*ਫਰਵਰੀ,1993 ਅੰਕ ਤੋਂ ਅੱਗੇ*

ਰਾਗ ਮਾਰੂ:-

ਰਾਗ ਮਾਰੂ ਦੀ ਬਾਣੀ ਵਿੱਚ ਗੁਰਮਤਿ ਨਾਲ ਸੰਬੰਧਤ ਭਾਵ ਤਾਂ ਪ੍ਰਗਟ ਹੋਏ ਹੀ ਹਨ ਪਰ ਇਹਨਾਂ ਭਾਵਾਂ ਵਿੱਚੋਂ ਬੀਰਤਾ ਦੇ ਭਾਵ ਬੜੇ ਸਪਸ਼ਟ ਰੂਪ ਉਘੜਦੇ ਹਨ। ਗੁਰੂ ਸਾਹਿਬਾਨ ਨੇ ਇਸ ਬਾਣੀ ਵਿੱਚ ਜੰਗ-ਜੁਧ ਨਾਲ ਸੰਬੰਧਤ ਸ਼ਬਦਾਵਲੀ ਦਾ ਪ੍ਰਯੋਗ ਕਾਫੀ ਕੀਤਾ ਹੈ।

ਪ੍ਰੇਮ ਕੇ ਕਾਨ ਲਗੇ ਤਨ ਭਤਿਰਿ ਵੈਦ ਕਿ ਜਾਣੈ ਕਾਰੀ ਜੀਉ।[1]

-------

ਪੰਚ ਬਾਣ ਲੈ ਜਮ ਕਉ ਮਾਰੋ ਗਗਨੰਤਰਿ ਧਣਖੁ ਚੜਾਇਆ।[2]

ਸ਼ਸਤਰਾਂ ਵਿੱਚੋਂ ਧਣੁਖ ਬਾਣ ਹੀ ਨਹੀਂ ਸਗੋਂ ਖੜਗ, ਖੰਡਾ, ਗਦਾ, ਚਕਰ ਆਦਿ ਤਿਖੇ ਸ਼ਸਤਰਾਂ ਦਾ ਜ਼ਿਕਰ ਹੋਇਆ ਹੈ

ਗਿਆਨ ਖੜਗ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ।[3]

ਖੰਡੇਧਾਰ ਗਲੀ ਅਤਿ ਭੀੜੀ।[4]

-------

ਸੰਖ ਚਕ੍ਰ ਗਦਾ ਹੈ ਧਾਰੀ।

-------

ਸਸਤ੍ਰਿ ਤੀਖਣ ਕਾਇ ਡਾਰਿਓ ਮਨ ਨ ਕੀਨੋ ਰੋਸ।[5]

ਇਸ ਰਾਗ ਦੀ ਬਾਣੀ ਵਿੱਚ ਮਾਰਨ ਅਤੇ ਸੰਘਾਰਨ ਆਦਿ ਸ਼ਬਦਾਂ ਦਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਇਸ ਵਿੱਚ ਬੀਰਤਾ ਦੇ ਭਾਵ ਪ੍ਰਗਟ ਹੋ ਰਹੇ ਹਨ

ਕਾਮ ਕ੍ਰੋਧ ਅਹੰਕਾਰ ਨਿਵਾਰੇ।

ਤਸਕਰ ਪੰਚ ਸਬਦਿ ਸੰਘਾਰੇ।[6]

-------

ਕਾਮ ਕ੍ਰੋਧ ਲੇ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ।[7]

ਪਰਮਾਤਮਾ ਦੇ ਸਰੂਪ ਨੂੰ ਵਰਣਨ ਕਰਦਿਆਂ ਉਸ ਦੇ ਬੀਰਤਾ ਵਾਲੇ ਸੁਭਾਅ ਨੂੰ ਵਧੇਰੇ ਉਜਾਗਰ ਕੀਤਾ ਹੈ

ਅਸੁਰ ਸੰਘਾਰਣ ਰਾਮ ਹਮਾਰਾ।[8]

-------

ਮਧੁ ਸੂਦਨ ਦਾਮੋਦਰ ਸੁਆਮੀ।[9]

-------

ਮੋਹਨ ਮਾਧਵ ਕ੍ਰਿਸ਼ਨ ਮੁਰਾਰੇ।[10]

ਮਨੁੱਖ ਨੂੰ ਦਿੱਤੇ ਉਪਦੇਸ਼ ਵਿੱਚ ਵੀ ਬੀਰਤਾ ਦੇ ਭਾਵ ਹੀ ਉਜਾਗਰ ਹੁੰਦੇ ਹਨ –

ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।

ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।[11]

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।[12]

ਇਸ ਰਾਗ ਦੀ ਬਾਣੀ ਵਿੱਚ ਗੁਰੂ ਕਵੀਆਂ ਵਿੱਚ ਅਤੇ ਭਗਤ ਕਵੀਆਂ ਵਿੱਚ ਬੀਰਤਾ ਦੇ ਇਸ ਭਾਵ ਦੀ ਵਿਲੱਖਣ ਸਾਂਝ ਪ੍ਰਗਟ ਹੁੰਦੀ ਹੈ। ਭਗਤ ਕਬੀਰ ਜੀ ਨੇ ਲਿਖਿਆ ਹੈ –

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ।

ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।[13]

ਭਗਤ ਨਾਮਦੇਵ ਵੀ ਪਰਮਾਤਮਾ ਨੂੰ ਅਸੁਰ ਸੰਘਾਰਨ ਵਾਲੇ ਰੂਪ ਵਿੱਚ ਯਾਦ ਕਰਦੇ ਹਨ –

ਭਗਤ ਹੈਤਿ ਮਾਰਿਓ ਹਰਨਾਖਸ਼ ਨਰ ਸਿੰਘ ਰੂਪ ਹੋਇ ਦੇਹਿ ਧਾਰਿਓ।[14]

ਇਸ ਰਾਗ ਵਿੱਚ ਰਚੀ ਬਾਣੀ ਵਿੱਚ ਜਿਥੇ ਬੀਰਤਾ ਦੇ ਭਾਵ ਪ੍ਰਧਾਨ ਹਨ ਉਥੇ ਇਸ ਰਾਗ ਨੂੰ ਵੀ ਬੀਰ ਭਾਵਾਂ ਨੂੰ ਪਰਗਟ ਕਰਨ ਵਾਲਾ ਦਸਿਆ ਗਿਆ ਹੈ। ਬੁਧ ਪ੍ਰਕਾਸ਼ ਦਰਪਣ ਵਿੱਚ ਲਿਖਿਆ ਹੈ ਕਿ ਇਸ ਰਾਗ ਦੇ ਗਾਇਨ ਨਾਲ ਕਾਇਰਤਾ ਨਹੀਂ ਰਹਿੰਦੀ।[15] ਕਾਹਨ ਸਿੰਘ ਨਾਭਾ ਅਨੁਸਾਰ ਇਹ ਰਾਗ ਜੁੱਧ ਅਤੇ ਮੌਤ ਸਮੇਂ ਗਾਏ ਜਾਣ ਦੀ ਪਰੰਪਰਾ ਹੈ।[16] ਇਸ ਰਾਗ ਦਾ ਜੋ ਚਿਤਰ ਉਪਲਬਧ ਹੈ ਉਸ ਵਿੱਚ ਵੀ ਇਸ ਰਾਗ ਨੂੰ 'ਵੀਰ' ਸਰੂਪ ਵਿੱਚ ਚਿਤਰਿਆ ਗਿਆ ਹੈ।[17]

ਸੋ ਗੁਰੂ ਕਵੀਆਂ ਦੀ ਇਸ ਰਾਗ ਵਿਚ ਕੀਤੀ ਰਚਨਾ ਵਿੱਚ ਭਾਵ ਅਤੇ ਰਾਗ ਦੀ ਪੂਰਨ ਇਕਮਿਕਤਾ ਹੈ।

ਰਾਗ ਤੁਖਾਰੀ-

ਤੁਖਾਰੀ ਰਾਗ ਵਿੱਚ ਰਚੀ ਬਾਣੀ ਪਰਮਾਤਮਾ ਨਾਲ ਵਿਛੋੜੇ ਅਤੇ ਮਿਲਾਪ ਦੇ ਅਨੁਭਵ ਨੂੰ ਪਰਗਟ ਕਰਦੀ ਹੈ। ਸ਼ਿੰਗਾਰਕ ਭਾਵਾਂ ਦਾ ਜਿੰਨਾ ਕਲਾਮਈ ਢੰਗ ਨਾਲ ਪ੍ਰਗਟਾਵਾ ਇਸ ਰਾਗ ਵਿੱਚ ਹੋਇਆ ਹੈ ਉਨਾਂ ਹੋਰ ਥਾ ਲੱਭਣਾ ਮੁਸ਼ਕਲ ਹੈ। ਇਸ ਰਾਗ ਦੀ ਮੁੱਖ ਅਤੇ ਪਹਿਲੀ ਰਚਨਾ ਗੁਰੂ ਨਾਨਕ ਦੇਵ ਜੀ ਰਚਿਤ ਬਾਰਾ ਮਾਹ ਹੈ। ਇਸ ਵਿੱਚ ਸ਼ਿੰਗਾਰ ਸਿਰਜਨ ਨੂੰ ਅਧਿਆਤਮਕ ਅਨੁਭਵ ਦਾ ਮਾਧਿਅਮ ਬਣਾਇਆ ਗਿਆ ਹੈ।[18]

ਸਾਵਣ ਸਰਸ ਮਨਾ ਘਣਿ ਵਰਸਹਿ ਰੁਤ ਆਇ।
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਇ।[19]

..............................................................................

ਫਲਗੁਨਿ ਮਨਿ ਰਹਸੀ ਪ੍ਰੇਮ ਸੁਭਾਇਆ।[20]

ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਅਜਿਹੇ ਭਾਵਾਂ ਦਾ ਪ੍ਰਗਟਾਵਾ ਕੀਤਾ ਹੈ –

ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ।[21]

ਇਹ ਤਨੁ ਮਨੁ ਤੇਰਾ ਸਭਿ ਗੁਣ ਤੇਰੇ।

ਖੰਨੀਐ ਵੰਞਾ ਦਰਸਨ ਤੇਰੇ।

ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ।[22]

ਜਿਥੇ ਤੁਖਾਰੀ ਰਾਗ ਦੀ ਬਾਣੀ ਵਿੱਚ ਸੰਜੋਗ ਅਤੇ ਵਿਜੋਗ ਦੋਹਾਂ ਤਰ੍ਹਾਂ ਦੇ ਭਾਵਾਂ ਦਾ ਪ੍ਰਗਟਾਵਾ ਹੋਇਆ ਹੈ ਉਥੇ ਇਸ ਰਾਗ ਦੇ ਸੁਰ-ਸੰਧਰਭ ਰਾਹੀਂ ਵੀ ਸ਼ਿੰਗਾਰ ਭਾਵ ਵਾਲੇ ਭਾਵਾਂ ਨੂੰ ਉਜਾਗਰ ਕੀਤਾ ਜਾ ਸਕਦਾ ਹੈ। ਇਸ ਰਾਗ ਦਾ ਵਾਦੀ ਸੁਰ ਪੰਚਮ ਹੈ। ਇਸ ਲਈ ਅਚਾਰੀਆਆ ਬ੍ਰਿਹਿਸਪਤੀ ਦੇ ਸਿਧਾਂਤ ਅਨੁਸਾਰ ਇਹ ਰਾਗ ਵਿਜੋਗ ਸ਼ਿੰਗਾਰ ਦੇ ਭਾਵਾਂ ਨੂੰ ਪ੍ਰਗਟ ਕਰਨ ਵਿੱਚ ਸਹਾਈ ਹੋ ਸਕਦਾ ਹੈ।[23] ਰਿਸ਼ਭ ਅਤੇ ਧੈਵਤ ਦਾ ਸ਼ੁੱਧ ਰੂਪ ਵਿੱਚ ਪ੍ਰਯੋਗ ਵੀ ਸ਼ਿੰਗਾਰਕ ਭਾਵਾਂ ਵੱਲ ਸੰਕੇਤ ਕਰਦਾ ਹੈ।[24]

ਇਸ ਤਰ੍ਹਾਂ ਇਸ ਰਾਗ ਦੀ ਬਾਣੀ ਵਿੱਚ ਅਨੁਭਵ ਅਤੇ ਰਾਗ ਦੀ ਏਕਤਾ ਵਿਦਮਾਨ ਹੁੰਦੀ ਹੈ।

ਚਲਦਾ

## ਹਵਾਲੇ


1. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 993
2. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1042
3. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1042
4. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1028
5. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1082
6. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1017
7. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1022

8. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1040
9. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1028
10. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1082
11. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1082
12. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1096
13. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1102
14. ਭਗਤ ਕਬੀਰ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1005
15. ਭਗਤ ਨਾਮਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1005
16. ਸੁਨ ਕੇ ਸੁਧ ਨ ਰਹੇ ਕਾਯਰ ਕੀ ਜਬ ਬਾਜੇ ਧੁਨ ਮਾਰੂ। ਪੰਨਾ 3
ਗੁਰਮਤ ਸੰਗੀਤ ਪਰ ਮਿਲੀ ਹੁਣ ਤਕ ਮਿਲੀ ਖੋਜ (ਭਾਗ ਚੌਥਾ)
17. ਮਹਾਨ ਕੋਸ਼ ਪੰਨਾ 966
18. ਹਿੰਦੀ ਕੇ ਕ੍ਰਿਸ਼ਨਕਾਲੀਨ ਭਗਤੀ ਕਾਵਯ ਮੇਂ ਸੰਗੀਤ ਚਿੱਤਰ ਨੰ. 3
18. ਡਾ. ਜਗਬੀਰ ਸਿੰਘ, ਬਾਣੀ ਸੰਸਾਰ ਪੰਨਾ 11
19. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1108
20. ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1109
21. ਗੁਰੂ ਰਾਮ ਦਾਸ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1113
22. ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1117
23. ਭਰਤ ਕਾ ਸੰਗੀਤ ਸਿਧਾਂਤ ਪੰਨਾ 271
24. ਭਾਤਖੰਡੇ, ਕ੍ਰਮਕ ਪੁਸਤਕ ਮਲਿਕਾ, (ਪਾਂਚਵੀਂ ਪੁਸਤਕ)
1954 ਹਾਥਰਸ ਪੰਨਾ 37

# ਅਲਾਪ ਅਤੇ ਤਾਨ

ਕੁਝ ਸੁਰਾਂ ਨੂੰ ਕਣ, ਮੀਂਡ, ਮੁਰਕੀ ਆਦਿ ਸਮੇਤ ਹੌਲੀ ਹੌਲੀ (ਧੀਮੀ) ਲੈਅ ਵਿੱਚ ਗਾਉਣ ਵਜਾਉਣ ਨੂੰ ਅਲਾਪ ਕਹਿੰਦੇ ਹਨ। ਗਾਇਨ ਵਿੱਚ ਅਲਾਪ ਦੋ ਤਰ੍ਹਾਂ ਦਾ ਹੁੰਦਾ ਹੈ।

1) ਆਕਾਰ ਦਾ ਅਲਾਪ

2) ਨੋਮ ਤੋਮ ਦਾ ਅਲਾਪ

ਆਕਾਰ ਦਾ ਅਲਾਪ: ਅਕਾਰ ਦੇ ਅਲਾਪ ਵਿੱਚ ਗਾਇਕ, ਸੁਰਾਂ ਦੇ ਨਾਂਵਾਂ ਦੇ ਥਾਂ ਤੇ 'ਆ ਆ' ਸ਼ਬਦ ਦਾ ਉਚਾਰਨ ਕਰਦਾ ਹੈ। ਜਿਵੇਂ ਸਾਰੇ ਗਾ ਮਾ, ਗਾ ਰੇ (ਅਲਾਪ ਵਿੱਚ ਪ੍ਰਯੋਗ ਹੋਣ ਵਾਲੇ ਸੁਰ) ਆ sss ਆs ( ਮੂੰਹ ਤੋਂ ਬੋਲਣ ਲਈ )

ਨੋਮ ਤੋਮ ਦਾ ਅਲਾਪ: ਨੋਮ ਤੋਮ ਦੇ ਅਲਾਪ ਵਿੱਚ ਗਾਇਕ ਸੁਰਾਂ ਨੂੰ ਆ ਆ ਦੇ ਥਾਂ ਤੇ ਤਾ ਨਾ ਨਾ ਰੇ ਤਾ ਨੋਮ ਆਦਿ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਜਿਵੇਂ ਸਾ ਰੇ ਰੇ ਗਾ ਗਾ ਗਾ ਰੇ ( ਅਲਾਪ ਵਿੱਚ ਪ੍ਰਯੋਗ ਆਉਣ ਵਾਲੇ ਸੁਰ) ਤਾ ਨਾ ਨਾ ਨ ਰੇ ਨੋਮ ( ਮੂੰਹ ਦੁਆਰਾ ਬੋਲਣ ਵਾਲੇ ਸ਼ਬਦ)। ਕੀਰਤਨ ਵਿੱਚ ਇਹਨਾਂ ਦੀ ਥਾਂ ਸਤਿਨਾਮ, ਗੁਣ ਨਿਧਾਨ ਆਦਿ ਸ਼ਬਦ ਉਚਾਰੇ ਜਾਂਦੇ ਹਨ।

ਆਕਾਰ ਦੇ ਅਲਾਪ ਦਾ ਪ੍ਰਯੋਗ ਆਮ ਕਰਕੇ ਖਿਆਲ ਸ਼ੈਲੀ ਵਿੱਚ ਕੀਤਾ ਜਾਂਦਾ ਹੈ। ਅਤੇ ਨੋਮ ਤੋਮ ਦਾ ਅਲਾਪ ਧਰੁਪਦ ਸੈਲੀ ਦਾ ਅਲਾਪ ਕਿਹਾ ਜਾਂਦਾ ਹੈ। ਅਲਾਪਾਂ ਦੇ ਦੋਨੋਂ ਪ੍ਰਕਾਰ ਆਪਣੀ ਆਪਣੀ ਵਿਸ਼ੇਸਤਾਂ ਰਖਦੇ ਹਨ। ਪਰ ਅਜ ਕੱਲ ਆਕਾਰ ਦੇ ਆਲਾਪ ਦਾ ਪ੍ਰਚਾਰ ਬਹੁਤਾ ਹੈ। ਵਾਦਨ ਵਿੱਚ ਅਲਾਪ ਦੇ ਸੁਰਾਂ ਨੂੰ ਸਾਜ਼ ਉਤੇ ਵਜਾਇਆ ਜਾਂਦਾ ਹੈ।

ਸੁੰਦਰ ਅਤੇ ਮਧੁਰ ਅਲਾਪ ਵਜਾਉਣ ਦੇ ਲਈ ਕੁਝ ਜ਼ਰੂਰੀ ਗੱਲਾਂ:-

1. ਅਲਾਪ ਜਲਦੀ ਜਲਦੀ ਨਹੀਂ ਬੋਲਣਾ ਚਾਹੀਦਾ। ਜੇ ਨਵੀਨਤਾ ਲਈ ਅਲਾਪ ਜਲਦੀ ਬੋਲਣਾ ਵੀ ਹੋਵੇ ਤਾਂ ਬਹੁਤੀਆਂ ਸੁਰਾਂ ਦਾ ਸਮੂਹ ਨਹੀਂ ਹੋਣਾ ਚਾਹੀਦਾ। ਜਿਵੇਂ ਸਾ ਰੇ ਗs ਗ ਰੇs ਗਾਪਾ ਗਾ ਗਾਪਾਧਾਪਾ ਗਾ ਸਾ ਧਾ ਸਾ।

2.ਆਲਾਪਾਂ ਵਿੱਚ ਥੋੜ੍ਹੇ ਥੋੜ੍ਹੇ  ਸੁਰ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਸੁਰਾਂ ਨੂੰ ਇੱਕਠਾ ਬਿਨ੍ਹਾਂ ਠਹਿਰੇ, ਲੈਅ ਨਾਲ ਗਾਇਆਂ ਤਾਨ ਦਾ ਰੂਪ ਬਣ ਜਾਏਗਾ: ਜਿਵੇਂ:-

ਅਸ਼ੁੱਧ: ਸਾਰੇ ਗਾਰੇ ਗਾਪਾ ਗਾਰੇ ਸਾ ( ਇੱਕਠੇ ਸੁਰ ਲੈਣ ਨਾਲ ਤਾਨ ਦਾ ਰੂਪ)

ਸ਼ੁੱਧ ਸਾ ਰੇ ਗਾ ਰੇ ਗਾ ਪਾ ਗਾ ਰੇ ਸਾ

(ਠਹਿਰ ਠਹਿਰ ਕੇ ਸੁਰ ਲੈਂਦੇ ਹੋਏ ਅਲਾਪ ਦਾ ਰੂਪ)

3.ਸੁਰਾਂ ਦੇ ਠਹਿਰਾਉਂਦੇ ਥਾਂ ਤੇ ਸਾਹ ਲੈਂਦੇ ਰਹੋਂ ਜਿਸ ਨਾਲ ਸਾਹ ਫੁਲੇ ਨਾ ਅਤੇ ਕਾਬੂ ਤੋ ਬਾਹਰ ਨਾ ਹੋ ਜਾਵੇ ਕਿਉਂਕਿ ਸਾਹ ਬਹੁਤਾ ਫੂਲ ਜਾਣ ਨਾਲ ਸੁਰ ਬੇਸੁਰੇ ਲਗਣ ਲੱਗ ਪੈਂਦੇ ਹਨ ਅਤੇ ਗਾਉਣ ਵਿੱਚ ਵੀ ਮੁਸਕਿਲ ਮਹਿਸੂਸ ਹੁੰਦੀ ਹੈ।

4.ਅਲਾਪ ਵਿੱਚ ਸੁੰਦਰਤਾ ਤੇ ਕਲਾਤਮਕਤਾ ਲਿਆਉਣ ਲਈ ਕਣ, ਖਟਕਾ, ਮੁਰਕੀ, ਅਤੇ ਮੀਂਡ ਦਾ ਪ੍ਰਯੋਗ ਕਰਦੇ ਜਾਣਾ ਚਾਹੀਦਾ ਹੈ। ਜਦੋਂ ਤੱਕ ਇਹ ਚੀਜ਼ਾਂ ਗਲੇ ਵਿਚੋਂ ਨਾ ਨਿਕਲਣ ਤਦ ਤੱਕ ਕੇਵਲ ਸੁਰਾਂ ਦੇ ਠਹਿਰਾਉ ਅਤੇ ਉਸ ਦੀ ਲੈਅ ਵੱਲ ਧਿਆਨ ਦੇਣਾ ਚਾਹੀਦਾ ਹੈ।

5.ਗਲੇ ਤੋ ਆ ਦਾ ਸ਼ਬਦ ਨਿਕਲਣਾ ਚਾਹੀਦਾ ਹੈ। ਗਾਉਂਦੇ ਸਮੇਂ ਆ ਦੇ ਥਾਂ ਆਂ ਜਾਂ ਹਾਂ ਸਬਦ ਨਹੀਂ ਨਿਕਲਣਾ ਚਾਹੀਦਾ। ਇਸ ਤਰ੍ਹਾਂ ਬੋਲਣ ਨਾਲ ਨੱਕ ਦੀ ਅਵਾਜ਼ ਗਲੇ ਵਿੱਚ ਆ ਜਾਂਦੀ ਹੈ। ਜਿਹੜੀ ਅਲਾਪ ਦੀ ਦੀ ਮਧੁਰਤਾ ਨਸ਼ਟ ਕਰ ਦਿੰਦੀ ਹੈ।

6.ਅਲਾਪ ਦੇ ਸੁਰਾਂ ਨੂੰ ਜਲਦੀ ਜਲਦੀ ਨਹੀਂ ਬਦਲਣਾ ਚਾਹੀਦਾ ਸੁਰਾਂ ਨੂੰ ਬਾਰ ਬਾਰ ਲੈ ਕੇ ਠਹਿਰਾਉਂਦੇ ਹੋਏ ਅੱਗੇ ਪਿੱਛੇ ਦੇ ਸੁਰਾਂ ਨੂੰ ਨਵੇਂ ਢੰਗ ਨਾਲ ਲੈਂਦੇ ਹੋਏ ਅਲਾਪ ਕਰਨਾ ਚਾਹੀਦਾ ਹੈ।

ਜਿਵੇ: ਸਾ ਸਾ ਰੇ ਗਾ

ਆ ਆ

ਗਾ ਗਾ ਗਾ ਰੇ ਗਾਪਾ ਗਾ ਰੇ ਸਾਧ ਧਾ ਧਾ ਸਾ

ਆ ਆ ਆ

# ਤਾਨ

ਸੁਰਾ ਦੇ ਛੋਟੇ ਅਤੇ ਵੱਡੇ ਸੁਰ ਸਮੂਹਾਂ ਨੂੰ ਜਦੋਂ ਅਸੀਂ ਵਿਸਥਾਰ ਕਰਦੇ ਹੋਏ ਜਲਦੀ ਨਾਲ ਗਾਉਂਦੇ ਹਾਂ, ਉਸ ਨੂੰ ਤਾਨ ਕਹਿੰਦੇ ਹਨ। ਵਾਦਨ ਵਿੱਚ ਤਾਨ ਨੂੰ ਤੋੜਾ ਕਿਹਾ ਜਾਂਦਾ ਹੈ। ਅਲੰਕਾਰਾਂ ਤੋਂ ਹੀ ਤਾਨ ਦੀ ਉਤਪਤੀ ਹੁੰਦੀ ਹੈ। ਅੰਤਰ ਕੇਵਲ ਇੰਨਾ ਹੈ ਕਿ ਅਲੰਕਾਰਾਂ ਦੇ ਸੁਰ ਨਿਯਮ ਅਨੁਸਾਰ ਆਰੋਹੀ ਅਤੇ ਅਵਰੋਹੀ ਦੇ ਰੂਪ ਵਿੱਚ ਹੁੰਦੇ ਹਨ। ਅਤੇ ਤਾਨ ਉਹਨਾਂ ਅਲੰਕਾਰਾਂ ਨੂੰ ਆਪਸ ਵਿੱਚ ਮਿਲਾਉਣ ਨਾਲ ਬਣਦੀ ਹੈ। ਤਾਂਨਾਂ ਦੀ ਰਚਨਾ ਅਤੇ ਪ੍ਰਦਰਸ਼ਨ ਵਿੱਚ ਕਲਾਤਮਕ ਭਾਵ ਬਹੁਤਾ ਹੁੰਦਾ ਹੈ। ਤਾਨ ਨੂੰ ਭਿੰਨ ਭਿੰਨ ਲੈਅਕਾਰੀਆਂ ਵਿੱਚ ਗਾ ਕੇ ਚਮਤਕਾਰ ਪੈਦਾ ਕੀਤਾ ਜਾਂਦਾ ਹੈ। ਇਸ ਨਾਲ ਗਾਉਣ ਵਿੱਚ ਚੰਚਲਤਾ ਆਉਦੀ ਹੈ। ਅਤੇ ਗਾਇਕ ਦੇ ਗਲੇ ਦੀ ਸਾਧਨਾ ਤੇ ਸਪਸ਼ਟਤਾ ਦਾ ਗਿਆਨ ਹੁੰਦਾ ਹੈ। ਤਾਨਾਂ ਵਿੱਚ ਜਿੰਨੀ ਲੈਅ ਦੀ ਤਿਆਰੀ, ਸੁਰਾਂ ਦੀ ਸ਼ੁੱਧਤਾ ਅਤੇ ਸਪਸ਼ਟਤਾ ਹੁੰਦੀ ਹੈ, ਉਹ ਉਨੀਆਂ ਹੀ ਤੇ ਕਲਾਤਮਕ ਹੁੰਦੀਆਂ ਹਨ। ਵਖ ਵਖ ਗਾਉਣ ਦੇ ਢੰਗਾਂ ਕਾਰਨ ਤਾਨਾਂ ਦੇ ਕਈ ਪ੍ਰਕਾਰ ਹੁੰਦੇ ਹਨ। ਆਪਣੀਆਂ ਵਿਸ਼ੇਸ਼ਤਾਵਾਂ ਦੇ ਕਾਰਨ ਵੀ ਉਹਨਾਂ ਦੇ ਨਾਮ ਭਿੰਨ ਭਿੰਨ ਰਖੇ ਗਏ ਹਨ। ਜਿਵੇ ਸਰਲ ਤਾਨ,ਸਪਾਟ ਤਾਨ, ਮਿਸ਼੍ਰ ਤਾਨ, ਕੂਟ ਤਾਨ, ਗਮਕ ਤਾਨ, ਫਿਰਤ ਤਾਨ, ਸਰਗਮ ਤਾਨ ਅਲੰਕਾਰਿਕ ਤਾਨ ਆਦਿ। ਸਰਗਮ ਤਾਨ ਵਿੱਚ ਆਕਾਰ ਦੇ ਥਾਂ ਤੇ ਤਾਨ ਦੇ ਸੁਰਾਂ ਨੂੰ ਸਰਗਮ ਦੇ ਰੂਪ ਵਿੱਚ ਗਾਇਆ ਜਾਂਦਾ ਹੈ। ਅਤੇ ਬੋਲ ਤਾਨ ਵਿੱਚ ਤਾਨ ਦੇ ਸੁਰਾਂ ਦੇ ਉੱਪਰ ਗਾਣੇ ਦੇ ਬੋਲਾਂ ਨੂੰ ਤਾਨ ਦੀ ਲੈਅ ਵਿੱਚ ਗਾਇਆ ਜਾਂਦਾ ਹੈ। ਅਨੇਕਾਂ ਤਾਨਾਂ ਵਿੱਚ ਸੁਰਾਂ ਨੂੰ ਕੇਵਲ ਆਕਾਰ ਵਿੱਚ ਆ ਆ ਕਰਕੇ ਗਾਉਂਦੇ ਹਨ।

ਤਾਨਾਂ ਦਾ ਸੁੰਦਰ ਅਤੇ ਕਲਾਤਮਕ ਪ੍ਰਯੋਗ ਕਰਨ ਲਈ ਕੁਝ ਜਰੂਰੀ ਗੱਲਾਂ

1. ਆਕਾਰ ਤੋਂ ਪਹਿਲਾਂ ਤਾਨ ਦੀ ਸਰਗਮ ਯਾਦ ਕਰਨੀ ਚਾਹੀਦੀ ਹੈ।

2. ਆਕਾਰ ਸ਼ੁਰੂ ਕਰਦੇ ਹੋਏ ਪਹਿਲਾਂ ਧੀਮੀ ਲੈਅ ਵਿੱਚ ਤਾਨ ਦਾ ਅਭਿਆਸ ਕਰਨਾ ਚਾਹੀਦਾ ਹੈ। ਅਤੇ ਸੁਰਾਂ ਦੀ ਸ਼ੁਧਤਾਂ ਦਾ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ।

3.ਅਭਿਆਸ ਲਈ ਇਕ ਇਕ ਤਾਨ ਨੂੰ ਲੈਅ ਅਨੁਸਾਰ ਲਗਾਤਾਰ ਬਾਰ ਬਾਰ ਗਾਉ ਕਿਉਂਕਿ ਬਾਰ ਬਾਰ ਗਾਉਣ ਨਾਲ ਹੀ ਤਾਨ ਵਿੱਚ ਤੇਜ਼ੀ ਅਤੇ ਸਪਸ਼ਟਤਾ ਆਉਦੀ ਹੈ।

4. ਲੰਬੀਆਂ ਲੰਬੀਆਂ ਤਾਨਾਂ ਨੂੰ ਇਕੋਂ ਸਾਹ ਵਿਚ ਬੋਲਣ ਦਾ ਯਤਨ ਨਹੀਂ ਕਰਨਾ ਚਾਹੀਦਾ। ਵਿੱਚ ਵਿੱਚ ਸਾਹ ਲੈਂਦੇ ਰਹੋ ਪਰ ਸਾਹ ਲੈਣ ਦੀ ਆਵਾਜ ਨਹੀਂ ਆਉਣੀ ਚਾਹੀਦੀ ਨਾ ਹੀ ਲੰਬਾ ਸਾਹ ਲਿਆ ਜਾਵੇ।

5. ਰਚਨਾ ਦੇ ਸ਼ੁਰੂ(ਮੁਖੜੇਦੇ) ਦੇ ਬੋਲਾਂ ਨੂੰ ਧਿਆਨ ਵਿੱਚ ਰੱਖੋ, ਜਿਸ ਨਾਲ ਤਾਨ ਠੀਕ ਥਾਂ ਉਤੇ ਖਤਮ ਹੋ ਜਾਵੇ ਅਤੇ ਮੁਖੜੇ ਦੇ ਬੋਲਾਂ ਨੂੰ ਠੀਕ ਥਾਂ ਤੋਂ ਪਕੜ ਕੇ ਤਾਲ ਵਿੱਚ ਸਮ ਤੇ ਪਹੁਚਿਆ ਜਾ ਸਕੇ।

6. ਤਾਨ ਵਿੱਚ ਲੈਅ ਦਾ ਵਿਸ਼ੇਸ ਥਾਂ ਹੈ। ਇਸ ਲਈ ਜਿਸ ਲੈਅ ਵਿੱਚ ਵੀ ਤੁਸੀ ਤਾਨ ਗਾਉਂਦੇ ਹੋ ਉਸ ਲੈਅ ਦੀ ਸਮਝ ਅਤੇ ਪ੍ਰਯੋਗ ਦਾ ਗਿਆਨ ਹੋਣਾ ਚਾਹੀਦਾ ਹੈ।

7.ਆਲੰਕਾਰਾਂ ਦੀ ਲੈਅਮਈ ਸਾਧਨਾਂ ਦੁਆਰਾਂ ਗਲੇ ਵਿਚੋ ਤਾਨ ਕਢਣ ਲਈ ਬਹੁਤ ਹੀ ਸਹਾਇਤਾ ਮਿਲਦੀ ਹੈ। ਇਸ ਲਈ ਗਲੇ ਵਿਚੋਂ ਤਾਨ ਕਢਣ ਲਈ ਅਲੰਕਾਰਾਂ ਦਾ ਭਿੰਨ ਭਿੰਨ ਸੁਰਾਂ ਤੇ ਲੈਅ ਸਹਿਤ ਰੋਜ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ।

ਤਾਨ ਦੁਆਰਾ ਗਿਆਨ ਵਿੱਚ ਚੇਤੰਨਤਾ ਅਤੇ ਜਾਗ੍ਰਤੀ ਆਉਂਦੀ ਹੈ। ਕੇਵਲ ਅਲਾਪ ਦੁਆਰਾ ਸੰਗੀਤ ਦਾ ਪੂਰਾ ਆਨੰਦ ਨਹੀਂ ਮਾਣਿਆ ਜਾ ਸਕਦਾ। ਇਸ ਲਈ ਕਲਾਤਮਕ ਦ੍ਰਿਸ਼ਟੀ ਨਾਲ ਤਾਨਾਂ ਦਾ ਸੰਗੀਤ ਵਿੱਚ ਬਹੁਤ ਮਹਤਵਪੂਰਨ ਸਥਾਨ ਮੰਨਿਆ ਜਾਂਦਾ ਹੈ।

# ਰਾਗ ਭੈਰਵੀ

**ਕਰਨਵੀਰ ਕੌਰ**

ਇਸ ਰਾਗ ਦੀ ਰਚਨਾ ਥਾਟ ਭੈਰਵੀ ਤੋਂ ਮੰਨੀ ਜਾਂਦੀ ਹੈ। ਇਸ ਰਾਗ ਦੀ ਜਾਤੀ ਸੰਪੂਰਣ-ਸੰਪੂਰਣ ਹੈ। ਇਸ ਰਾਗ ਦਾ ਵਾਦੀ ਸਵਰ 'ਮਧਮ' ਅਤੇ ਸੰਵਾਦੀ ਸਵਰ 'ਸ਼ੜਜ' ਹੈ। ਕੁਝ ਸੰਗੀਤਕਾਰ ਇਸਦਾ ਵਾਦੀ ਸਵਰ 'ਪੰਚਮ' ਅਤੇ ਸੰਵਾਦੀ ਸਵਰ 'ਸ਼ੜਜ' ਵੀ ਮੰਨਦੇ ਹਨ। ਸ਼ਾਸਤਰੀ ਨਿਯਮਾਂ ਅਨੁਸਾਰ ਇਹ ਰਾਗ ਦਿਨ ਦੇ ਪਹਿਲੇ ਪਹਿਰ ਅਰਥਾਤ ਅੰਮ੍ਰਿਤ ਵੇਲੇ ਗਾਇਆ ਤੇ ਵਜਾਇਆ ਜਾਂਦਾ ਹੈ। ਪਰ ਪ੍ਰਚਾਰ ਵਿੱਚ ਇਸ ਰਾਗ ਨੂੰ ਹਰ ਸਮੇਂ ਗਾਇਆ ਅਤੇ ਵਜਾਇਆ ਜਾਂਦਾ ਹੈ। ਤਕਰੀਬਨ ਹਰ ਸੰਗੀਤ ਸਭਾ ਇਸੀ ਰਾਗ ਨਾਲ ਖਤਮ ਹੁੰਦੀ ਹੈ। ਵੈਸੇ ਤਾਂ ਇਸ ਰਾਗ ਵਿੱਚ ਰੇ ਗ ਪ ਨੀ ਸਵਰ ਕੋਮਲ ਲਗਦੇ ਹਨ। ਪਰ ਅੱਜਕਲ ਪ੍ਰਚਾਰ ਅਨੁਸਾਰ ਇਸ ਰਾਗ ਵਿੱਚ ਬਾਰਾਂ ਸਵਰ ਲਗਦੇ ਹਨ। 'ਸ਼ੁੱਧ ਰੇ' ਅਤੇ 'ਸ਼ੁਧ ਧ' ਦਾ ਪ੍ਰਯੋਗ ਬਹੁਤ ਵਧ ਗਿਆ ਹੈ। ਭੈਰਵੀ ਇਕ ਅਤੀ ਲੋਕਪ੍ਰਿਯ ਰਾਗ ਹੈ। ਚੂੰਕਿ ਇਸਦੀ ਪ੍ਰਾਕ੍ਰਿਤੀ ਚੰਚਲ ਹੈ, ਇਸ ਕਰਕੇ ਇਸ ਰਾਗ ਵਿੱਚ ਆਮ ਕਰਕੇ ਛੋਟਾ ਖਿਆਲ ਤਰਾਨਾ, ਟੱਪਾ, ਠੁਮਰੀ ਦਾਦਰਾ, ਗਜ਼ਲ ਆਦਿ ਜ਼ਿਆਦਾਤਰ ਗਾਏ ਜਾਂਦੇ ਹਨ। ਅੱਜ ਕਲ ਫਿਲਮ ਸੰਗੀਤ ਵਿੱਚ ਵੀ ਇਸ ਰਾਗ ਦਾ ਪ੍ਰਯੋਗ ਜ਼ਿਆਦਾ ਹੋਣ ਲੱਗ ਪਿਆ ਹੈ।

ਨਿਆਸ ਸਵਰ- ਸ ਗੁ ਮ ਪ

ਮਿਲਦੇ ਜੁਲਦੇ ਰਾਗ- ਬਿਲਾਸਖਾਨੀ ਤੋੜੀ

ਆਰੋਹ- ਸ ਰੁੇ ਗੁ ਮ ਪ ਧੁ ਨੁੀ ਸ਼ਂ    ਅਵਰੋਹ- ਸਂ ਨੁੀ ਧੁ ਪ ਮ ਗੁ ਰੁੇ ਸ

ਪਕੜ- ਮ ਗੁ ਰੁੇ ਗ ਸ ਰੁੇ ਸ ਧੁ ਨੁੀ ਸ

ਕਬਿੱਤ (ਭਾਈ ਗੁਰਦਾਸ ਜੀ)

ਸੁਪਨ ਚਰਿਤੁ ਚਿਤ੍ਰ ਬਾਨਕ ਬਨੇ ਬਚਿਤ੍ਰ,ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ।
ਪਰਮ ਦਯਾਲ ਲਾਲ, ਲੋਚਨ ਬਿਸਾਲ, ਮੁਖ ਬਚਨ ਰਸਾਲ ਮਧੁ ਮਧੁਰ ਪੀਆਏ ਹੈਂ।
ਸੋਭਤ ਸਿਹਜਾਸਨ ਬਿਲਾਸਨ ਦੈ ਅੰਕਮਾਲ, ਪ੍ਰੇਮ ਰਸ ਬਿਗਮ ਹੈ ਸਹਜ ਸਮਾਏ ਹੈਂ।
ਚਾਤ੍ਰਿਕ ਸਬਦ ਸੁਨਿ, ਅਖੀਆਂ ਉਘਰ ਗਈ, ਭਈ ਜਲ ਮੀਨ ਗਤਿ ਬਿਰਹ ਜਗਾਏ ਹੈ।

## ਰਾਗ ਭੈਰਵੀ ਤਿੰਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | ਸਥਾਈ :– | | | | | | | ਨੀ | ਸ | ਗੁ | ਮ |
| | | | | | | | | | | | | ਸੁ | ਪ | ਨ | ਚ |
| ਧੁ | ਧੁ | ਧੁ | ਪ | ਪ | ਧੁ | ਪ | ਪ | ਮ | ਪ | ਮ | ਧੁ | ਪ | ਮ | ਗੁ | ਰੇ |
| ਰਿ | ੜ੍ਹ | ਚਿ | ੜ੍ਹ | ਬਾ | ਨ | ਕ | ਬ | ਨੇ | ਬ | ਚਿ | ੜ੍ਹ | ਪਾ | ਵ | ਨ | ਪ |
| ਗੁ | ਪ | ਧੁ | ਨੀ | ਧੁ | ਪ | ਗੁ | ਮ | ਗੁ | ਰੇ | ਸ | ਰੇ | | | | |
| ਵਿ | ੜ੍ਹ | ਮਿ | ੜ੍ਹ | ਆ | ਜ | ਮੌਂ | ਰੇ | ਆ | ਏ | ਹੈਂ | ऽ | | | | |
| | | | | | ਅੰਤਰਾ :– | | | ਧੁ | ਮ | ਧੁ | ਨੀ | ਸਂ | ਸਂ | ਸਂ | ਨੀ |
| | | | | | | | | ਪ | ਰ | ਮ | ਦ | ਯਾ | ਲ | ਲਾ | ਲ |
| ਸਂਰੇ | ਗੁਂ | ਰੇਂ | ਗੁਂ | ਗੁਂ | ਰੇਂ | ਸਂ | ਸਂ | ਧੁ | ਧੁ | ਧੁ | ਧੁ | ਪ | ਮ | ਗੁ | ਰੇ |
| ਲੋऽ | ਚ | ਨ | ਬਿ | ਸਾ | ਲ | ਮੁ | ਖ | ਬ | ਚ | ਨ | ਰ | ਸਾ | ਲ | ਮ | ਧੁ |
| ਗੁ | ਪ | ਧੁ | ਨੀ | ਧੁ | ਪ | ਗੁ | ਮ | ਗੁ | ਰੇ | ਸ | ਰੇ | | | | |
| ਮ | ਧੁ | ਰ | ਪੀ | ਆ | ਏ | ਹੈਂ | ऽ | ऽ | ऽ | ऽ | ऽ | | | | |
| X | | | | 2 | | | | 0 | | | | 3 | | | |

(ਬਾਕੀ ਅੰਤਰੇ ਇਸੀ ਪ੍ਰਕਾਰ ਹਨ)

**ਤਿੰਨ ਤਾਲ ਦੇ ਬੋਲ :–**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| X | | | | 2 | | | | 0 | | | | 3 | | | |

# KIRTAN IS SIKHISM

By. Prof.GOBIND SINGH MANSUKHANI

Prayer can take many forms. One of the more powerful forms is that of hymn singing. Guru Nanak regarded Kirtan (Hymn singing) as distinct and easy way of linking one's consciousness to God. The first prayer centre that he established at Kartarpur was also known as a Kirtan ghar (House of devotinal music.) Though the Gurus maintained professional musicians, they encouraged the disciples to sing hymns with the simplest of tunes and in the form of choral singing.

Kirtan is defined in many ways, but basically it is the singing of the praises of God in melody and with rhythm. Though most of the compositions in the Guru Granth Sahib are classified for singing in the classical ragas, we also find hymns can be set to be sung, to folk music. So it is not necessary for a devotee to be a trained musicians to solo-sing or to appreciate the music for he can join in the chants, or repeat items of lines of the song, after the musician's solo. What is important in Kirtan is this devotion and not the excellence of voice or melody.

The prime requirement behind hymn singing is to glorify God and to realise His Presence and thereby enjoy the peace and bliss which He alone can give to the heart. Vocal or instrumental excellence or permutation in rhythm is not the criterion of good Kirtan. What really matters is the sincerity of the feeling and the love of God which it evokes, through the song. There should be no egoism or feeling of pride for being able to attract large audiences and winning their applause and respect.

Some Kritaniyas become arrogant through their vocal achievement or personal charisma. They try to exploit sangat's love to listen to Kirtan by their excesive demands, in terms of money or special facilities. Such musicians were not approved by the gurus because money

or fame is not the objective of Kirtan. Mammon and spirituality do not go together. Kirtaniyas lacking character and devotion were rejected, in spite of having melodious voice. Musicians who sing gurbani in film-tunes or imitate a disco style and rhythm should find no favour with congregatins. The Shromani Gurdwara Prabandhak Committee has recently banned the use of film-tunes for singing hymns in Gurudwaras.

Songs which only entertain or evoke erotic passions are never 'Kirtan'. Even the love songs attributed to gods and deities, are outside the ambit of Sikh sacred music. Only music inspired by spiritual goals and moral purpose can be regarded as Kirtan. In the Guru Granth Sahib, the spiritual evocation and inner bliss of Kirtan is emphasised:"People think that Kirtan is just ordinary song, but in fact it is a meditation on Divinity".

The Gurus popularised Kirtan for it touches the heart of ordinary people. They also used it as an instrument for national integration. Both Hindus and Muslims sang hymns together in praise of God. The Guru's musicians included Muslim singers called rababis who sang their sacred compositions in classical or folk tunes. The Gurus themselves patronised professional musicians of good character. They also warned these professional musicians against exploiting people and of their need to cultivate tolerance and humility.

Most of the Gurus were musicologists of a high order. They also used ragas in the Karnataki style under the heading of "Dakhni." They experimented in different styles of singing and using varied rhythms. Guru Arjan laid down guide lines for singers of sacred music as folows.

"The Lord's singer, imbibing a love for the One, sings His melodies of the only God.

He abides in the service of His One God and shows others, the way to the All-pervading God.

He visualises the One God and serves his Lord who he knows through the Guru.

O!praise worthy, praiseworthy is such a Kirtaniya!

He sings the praises of the omnipresent Lord, and leaves his attachment to material things.

The five virtues' he uses as his flat notes and following the Lord's love, his pure notes.

As renunciation of personal pride becomes his drone,'

So the avoidance of duplicity becomes his 'dicord.'

He ties "The Name" to his skirt and so escapes the rounds of transmigration!"

The Gurus popularised musical instruments like the Sarinda, Sarangi, Dhadh and Khartal. Normally, the singing of each line of a hymn is followed by playing the same tune on instruments. This custom gives breathing time to the singers and also keeps the listeners busy in humming. The Kirtaniyas are trained in classical music and are acquainted with the appropriate hymns for the various Sikh ceremonies and Gurupurabhs. The correct pronunciation of the word of Gurbani is essential. The use of extra words or interpolations in not permitted. The singers must try to recreate the ethos, the mood and the spirit of the hymn they sing.

# ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ

ਮਿਊਜ਼ਿਕ ਮੈਮੋਰੀ ਵੱਲੋਂ ਤਿਆਰ ਕੀਤੀ ਇਸ ਕੈਸਟ ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੁਰਜੀਤ ਸਿੰਘ ਵੱਲੋਂ ਸੱਤ ਸ਼ਬਦ ਗਾਇਨ ਕੀਤੇ ਗਏ ਹਨ। ਸ੍ਰੀ ਦਰਬਾਰ ਸਾਹਿਬ,ਅਮ੍ਰਿਤਸਰ ਗੁਰਬਾਣੀ ਸੰਗੀਤ ਲਈ ਇੱਕ ਮਹਾਨ ਸਥਾਨ ਹੈ। ਇਸ ਮਹਾਨ ਕੇਂਦਰ ਉਤੇ ਗੁਰਬਾਣੀ ਸੰਗੀਤ ਨੇ ਬੜੀਆਂ ਮਹੱਤਵ ਪੂਰਨ ਪ੍ਰਾਪਤੀਆਂ ਕੀਤੀਆਂ ਹਨ।

ਇਸ ਸਥਾਨ ਉਤੇ ਗੁਰਬਾਣੀ ਸੰਗੀਤ ਦੀਆਂ ਜਿਹਨਾਂ ਵਿੱਚ ਸਮੇਂ ਦੇ ਰਾਗਾਂ ਵਿੱਚ ਕੀਰਤਨ ਕੀਤਾ ਜਾਂਦਾ ਸੀ ਵੱਖ ਵੱਖ ਚੌਂਕੀਆਂ ਸਥਾਪਤ ਹੋਇਆਂ। ਇਸ ਸਥਾਨ ਉਤੇ ਭਾਈ ਸੱਤਾ, ਭਾਈ ਬਲਵੰਡ,ਭਾਈ ਬਾਬਕ, ਭਾਈ ਮਨਸਾ ਸਿੰਘ, ਭਾਈ ਚਾਂਦ, ਭਾਈ ਲਾਲ, ਭਾਈ ਸਾਈਂ ਦਿਤਾ, ਭਾਈ ਸੰਤਾ ਸਿੰਘ ਆਦਿ ਜਿਹੇ ਮਹਾਨ ਕੀਰਤਨੀਆਂ ਨੇ ਕੀਰਤਨ ਕੀਤਾ। ਇਸ ਸਥਾਨ ਉੱਤੇ ਕੀਰਤਨ ਸੁਣ ਕੇ ਵਿਸ਼ਵ- ਪ੍ਰਸਿਧ ਕਵੀ ਰਵਿੰਦਰ ਨਾਥ ਠਾਕੁਰ ਨੇ ਕਿਹਾ ਸੀ ਕਿ ਅਜਿਹਾ ਮਹਾਨ ਕੀਰਤਨ ਸੁਣ ਕੇ ਉਸਦਾ ਮਨ ਇਥੋਂ ਦੇ ਕੀਰਤਨੀਏ ਨੂੰ ਚੋਰੀ ਕਰਨ ਨੂੰ ਕਰਦਾ ਹੈ।

ਸ੍ਰੀ ਦਰਬਾਰ ਸਾਹਿਬ ਦੇ ਅਜੋਕੇ ਹਜ਼ੂਰੀ ਕੀਰਤਨੀਆਂ ਦੀਆਂ ਕੈਸਟਾਂ ਨੂੰ ਵੇਖ ਕੇ ਸਰੋਤਾ ਖਰੀਦਦਾ । ਹੈ ਕਿ ਸ਼ਾਇਦ ਇਸ ਵਿੱਚੋਂ ਉੱਚ ਪੱਧਰ ਦਾ ਸੰਗੀਤ ਭਰਿਆ ਕੀਰਤਨ ਸੁਨਣ ਨੂੰ ਮਿਲੇਗਾ..ਪਰ..।

ਭਾਈ ਸੁਰਜੀਤ ਸਿੰਘ ਜੀ ਨੇ ਕੈਸਟ 'ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ' ਵਿੱਚ ਹੇਠ ਲਿਖੇ ਸੱਤ ਸ਼ਬਦ ਗਾਇਨ ਕੀਤੇ ਹਨ:-

(1) ਅੰਮ੍ਰਿਤ ਪੀਵਹੁ ਸਦਾ ਚਿਰੁ ਜੀਵਹੁ। (2) ਹਰਿ ਹਰਿ ਤੇਰਾ ਨਾਮ ਹੈ, ਦੁਖ ਮੇਟਣਹਾਰਾ। (3) ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭ ਸੋਈ। (4) ਜਪਿ ਮਨ ਸਤਿਨਾਮ ਸਦਾ ਸਤਿਨਾਮ। (5) ਹਮ ਚਾਕਰ ਗੋਬਿੰਦ ਕੇ। (6) ਮੇਰਾ ਮਨ ਲੋਚੇ ਗੁਰ ਦਰਸ਼ਨ ਤਾਈਂ। (7) ਤੇਰਾ ਥਾਨ ਸੁਹਾਵਾ।

ਲਗਭਗ ਸਾਰੇ ਹੀ ਸ਼ਬਦ ਚਲੰਤ ਕਹਿਰਵਾ ਤਾਲ ਵਿੱਚੋਂ ਸਰਲ ਧੁਨਾਂ ਉੱਤੇ ਗਾਇਨ ਕੀਤੇ ਹਨ। ਕੇਵਲ 'ਹਰਿ ਹਰਿ ਤੇਰਾ ਨਾਮ ਹੈ,ਦੁਖ ਮੇਟਣਹਾਰਾ' ਸ਼ਬਦ ਵਿੱਚ ਭਾਈ ਬਖਸ਼ੀਸ਼ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੀ ਕੀਰਤਨ ਸ਼ੈਲੀ ਦਾ ਝਲਕਾਰਾ ਪੈਂਦਾ ਹੈ।

ਵਾਹਿਗੁਰੂ ਮਿਹਰ ਕਰੇ ਭਾਈ ਸੁਰਜੀਤ ਸਿੰਘ ਜੀ ਵਿੱਚ ਦਰਬਾਰ ਸਾਹਿਬ ਦੀ ਪਰੰਪਰਾ ਨਾਲ ਜੁੜ ਕੇ ਕੀਰਤਨ ਕਰਨ ਦੀ ਪ੍ਰਤਿਭਾ ਪੈਦਾ ਹੋਵੇ। ਅਸੀਂ ਇਹ ਕਾਮਨਾ ਹੀ ਕਰ ਸਕਦੇ ਹਾਂ।

---

ਸਤਿਕਾਰ ਯੋਗ ਗੁਰਮੁਖ ਪਿਆਰੇ ਸ੍ਰ: ਜਗੀਰ ਸਿੰਘ ਜੀਓ,

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ।।

ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ' ਸ਼ਬਦ ਗੁਰਬਾਣੀ ਕੀਰਤਨ ਦੀ ਕੈਸਿਟ ਜੋ ਆਪ ਜੀ ਵਲੋਂ ਰਿਕਾਰਡ ਕਰਵਾਈ ਗਈ ਹੈ, ਸਬੰਧੀ ਕੁਝ ਸਮਾਂ ਪਹਿਲਾਂ ਡਾ: ਤਰਸੀ ਹੁਰਾਂ ਵੱਲੋਂ 'ਪੰਜਾਬੀ ਟ੍ਰਿਬਿਊਨ' ਵਿਚ ਕੈਸਿਟ ਸਮੀਖਿਆ ਪੜ੍ਹ ਕੇ ਹੀ ਕੈਸਿਟ ਪ੍ਰਾਪਤ ਕਰਨ ਦੀ ਤੀਬਰ ਉਤਸੁਕਤਾ ਪੈਦਾ ਹੋ ਗਈ। ਬਰਨਾਲਾ ਅਤੇ ਸੰਗਰੂਰ ਤੋਂ ਪੁੱਛ-ਗਿੱਛ ਕੀਤੀ ਪਰੰਤੂ ਕੈਸਿਟ ਨਹੀਂ ਮਿਲੀ ਅਤੇ ਸੰਗਰੂਰ ਤੋਂ ਆਪ ਜੀ ਦੀ ਕੈਸਟ ਵਿੱਚ 'ਭਜਹੁ ਗੋਬਿੰਦ' ਸ਼ਬਦ ਕੀਰਤਨ ਪਹਿਲੀ ਵਾਰ ਸੁਣਿਆ ਅਤੇ ਲਗਾਤਾਰ ਦੋ ਤਿੰਨ ਵਾਰ ਸਰਵਣ ਕੀਤਾ।

ਵਾਹਿਗੁਰੂ ਵਲੋਂ ਬਖਸ਼ਿਸ਼ ਅੰਤਰ-ਪ੍ਰੇਰਣਾ ਅਤੇ ਨਿਗੂਣੀ ਜਿਹੀ ਮੱਤ ਨਾਲ ਆਪਣੀ ਸੁਣਨ-ਸਮਰੱਥਾ ਨੂੰ ਸੰਗੀਤ ਤੋਂ ਹਟਾ ਕੇ ਸ਼ਬਦ ਨੂੰ ਸੁਣਨ ਤੇ ਸਮਝਣ ਵਿਚਲੀ ਸਹਿਜਤਾ, ਸਰਲਤਾ ਅਤੇ ਅਵਾਜ਼ ਦੀ ਸ਼ਪਸ਼ਟਤਾ ਜਿਵੇਂ ਧੁਰ ਅੰਤਿਸ਼ ਕਰਨ ਤੱਕ ਚਲੀ ਗਈ ਅਤੇ ਕਿੰਨਾ ਹੀ ਚਿਰ ਸਰੂਰ ਭਰੀ ਅਨੰਦਮਈ ਹਾਲਤ ਬਣੀ ਰਹੀ। ਭਾਵੇਂ ਸੰਗੀਤ 'ਦੀ ਬਹੁਤੀ ਪਹਿਚਾਣ ਅਤੇ ਗਿਆਨ ਮੈਨੂੰ ਨਹੀਂ ਪਰ ਗਾਇਨ ਕੀਤੇ 'ਸ਼ਬਦ ਗੁਰੂ' ਨੂੰ ਸੁਣਨ ਤੇ ਸਮਝਣ ਦੀ ਕੋਸ਼ਿਸ਼ ਦੌਰਾਨ ਅਜੋਕਾ ਮੌਸਮੀ ਫਿਲਮੀ ਸੰਗੀਤ ਸ਼ਬਦ ਗਾਇਨ

ਨਾਲ ਰਸ ਪੱਖੋਂ ਅਧੂਰਾ ਹੀ ਰਹਿੰਦਾ ਹੈ। ਆਪ ਜੀ ਵਲੋਂ ਗਾਇਨ ਚਾਰੇ ਸ਼ਬਦਾਂ ਨਾਲ ਸੰਗੀਤ ਬੜਾ ਰਸਮਈ ਮਹਿਸੂਸ ਕੀਤਾ।

'ਭਜਹੁ ਗੋਬਿੰਦ ਭੂਲਿ ਮਤ ਜਾਹੁ' ਦੀ ਮਿਠਾਸ ਕੰਨਾਂ ਵਿਚ ਲਗਾਤਾਰ ਗੂੰਜ ਰਹੀ ਹੈ। ਜਿਵੇਂ ਤੁਸੀਂ ਆਪਣੇ ਮਨ ਨੂੰ ਕਹਿ ਰਹੇ ਹੋ ਅਤੇ ਨਾਲ ਹੀ ਸਰੋਤਿਆਂ ਨੂੰ ਗੁਰਮਤਿ ਦਾ ਸੰਦੇਸ਼ ਦੇ ਰਹੇ ਹੋਂ। 'ਸ਼ਬਦ ਗੁਰੂ' ਦੇ ਗਾਇਨ-ਸਿਮਰਨ .....ਵਿਚ ਜਿਵੇਂ ਆਪ ਅਤੇ ਸ਼ਬਦ ਇਕ ਮਿੱਕ ਹੋ ਗਏ ਹੋਵੇ ..... ਤੇ ..... ਅਨੰਦ ਮਈ - ਮਾਨਸਿਕ ਇਕਸੁਰਤਾ ਵੀ ਸਥਿਤੀ ਪੈਦਾ ਹੋ ਗਈ ਹੋਵੇ। ਤੇ ਨਾਲ ਹੀ ਵਾਹਿਗੁਰੂ ਅੱਗੇ ਅਰਜ਼ੋਈ ਕਰਨ ਲਗਦੇ ਹੋ 'ਕਿਰਪਾ ਨਿਧਿ ਬਸਹੁ ਰਿਦੈ ਹਰਿ ਨੀਤ' ਸੁਣਕੇ ਮਹਿਸੂਸ ਹੋਣ ਲੱਗਦੈ....ਗਾਇਨ... ਸਿਮਰਨ... ਸਮੇਂ ਕ੍ਰਿਪਾ ਨਿਧਿ ਵਾਹਿਗੁਰੂ ਆਪ ਜੀ ਦੇ ਰਿਦੈ ਵਸੇ ਹੋਏ ਨੇ.... 'ਜੋ ਬ੍ਰਹਮੰਡੇ ਸੋਈ ਪਿੰਡੇ'... ਦੀ ਜਾਚ ਵਾਹਿਗੁਰੂ ਦੀ ਕ੍ਰਿਪਾ ਦੁਆਰਾ ਆਪ ਨੂੰ ਹੈ ਆਪ ਸ਼ਬਦ 'ਸਾਹਿਬੁ ਨਿਤਾਣਿਆ ਕਾਤਾਣੁ' .... ਸ਼ਬਦ ਰਾਂਹੀ ਗਾ ਰਹੇ ਹੋ ਅਤੇ ਵਾਹਿਗੁਰੂ ਨੇ ਆਪ ਤੇ ਭਰਪੂਰ ਬਖਸ਼ਿਸ਼ ਕੀਤੀ ਹੈ ਆਪ ਜੀ ਨੂੰ ਸ਼ਬਦ ਗਾਇਨ ਦਾ ਗੁਣ ਬਖਸ਼ ਕੇ । ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪ ਜੀ ਨੂੰ ਮੇਹਰਾਂ ਦੀ ਬਖਸ਼ਿਸ਼ ਅਤੇ ਚੜ੍ਹਦੀ ਕਲਾ ਬਖਸ਼ਣ।

ਕਿਰਪਾ ਕਰਕੇ 'ਬਾਬੀਹਾ ਅੰਮ੍ਰਿਤ ਵੇਲੇ ਬੋਲਿਆ' ਸੰਗਰੂਰ ਬਰਨਾਲਾ ਇਲਾਕੇ ਵਿੱਚ ਪਹੁੰਚਾਉਣ ਦਾ ਕੋਈ ਇੰਤਜਾਮ ਕਰ ਸਕੋ ਤਾਂ ਬੜੀ ਮੇਹਰਬਾਨੀ ਹੋਵੇਗੀ। ਇਕ ਕੈਸਿਟ ਮੇਰੇ ਪਤੇ ਤੇ V.P.P ਰਾਹੀਂ ਭੇਜਣ ਦੀ ਤਕਲੀਫ ਕਰਨੀ। ਵਾਹਿਗੁਰੂ ਦਾ ਸ਼ੁਕਰਗੁਜ਼ਾਰ, ਖਿਮਾ ਦਾ ਜਾਚਕ।

ਕੀਰਤਨੀਆਂ ਬਾਰੇ ਇੱਕ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ। ਕੀਰਤਨੀਏ ਸਜਣ ਹੇਠ ਲਿਖੇ ਅਨੁਸਾਰ ਜੀਵਨ ਵੇਰਵਾ ਭੇਜਣ ਦੀ ਕਿਰਪਾ ਕਰਨ।

## ਜੀਵਨ ਬਿਊਰਾ

1) ਨਾਮ

2) ਪਿਤਾ ਦਾ ਨਾਂ

3) ਜਨਮ ਮਿਤੀ

4) ਜਨਮ ਸਥਾਨ

5) ਪਿਤਾ ਦਾ ਕੰਮਕਾਰ

6) ਵਿਦਿਅਕ ਯੋਗਤਾ

7) ਸਕੂਲ ਕਾਲਜ ਦਾ ਨਾਂ

8) ਕੀਰਤਨ ਸਬੰਧੀ ਯੋਗਤਾਵਾਂ

(ੳ) ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ਹੈ? (ਅ) ਸੰਗੀਤ ਸਿੱਖਿਆ ਕਿਥੋਂ ਪ੍ਰਾਪਤ ਕੀਤੀ? (ੲ) ਸੰਗੀਤ ਸਿੱਖਿਆ ਕਿਸ ਕੋਲੋਂ ਪ੍ਰਾਪਤ ਕੀਤੀ? (ਸ) ਕਿੰਨੀ ਦੇਰ ਤੱਕ ਸੰਗੀਤ ਸਿੱਖਿਆ ਲਈ? (ਹ) ਸਿੱਖਿਆ ਦੌਰਾਨ ਕੋਈ ਵਿਸ਼ੇਸ਼ ਪ੍ਰਾਪਤੀ

(ਕ) ਟਕਸਾਲ ਜਾਂ ਵਿਦਿਆਲੇ ਦਾ ਨਾਂ?

9) ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸੁਰੂ ਕੀਤਾ?

10) ਇਸ ਤੋਂ ਪਹਿਲਾਂ ਕਿਸ ਰਾਗੀ ਜੱਥੇ ਵਿਚ ਸਹਾਇਕ ਰਾਹੀ ਵਜੋ ਕੀਰਤਨ ਕੀਤਾ?

11) ਕੀਰਤਨੀਏ ਵਜੋਂ ਕਿਥੇ ਨੌਕਰੀ ਕੀਤੀ? ਪ੍ਰਾਪਤ ਹੋਏ ਪ੍ਰਸ਼ੰਸਾ ਪੱਤਰ ਅਤੇ ਵਿਸ਼ੇਸ ਸਨਮਾਨ ?

12) ਕਿੰਨੀ ਦੇਰ ਤੋਂ ਸੁਤੰਤਰ ਤੌਰ ਤੇ ਆਪਣਾ ਜਥਾ ਹੈ। ਜਥੇ ਦੇ ਸਾਰੇ ਮੈਂਬਰਾਂ ਦੇ ਨਾਂ ਅਤੇ ਜਥੇ ਦੀ ਫੋਟੋ?

13) ਸੁਤੰਤਰ ਰੂਪ ਵਿਚ ਕੀਰਤਨ ਕਰਦਿਆਂ ਪ੍ਰਾਪਤ ਸਨਮਾਨਾਂ ਦਾ ਵੇਰਵਾ ?

14) ਕਿੰਨੇ ਸ਼ਬਦ ਜ਼ਬਾਨੀ ਯਾਦ ਹਨ?

15) ਕਿੰਨੇ ਰਾਗਾਂ ਅਤੇ ਤਾਲਾਂ ਵਿਚ ਕੀਰਤਨ ਕਰ ਸਕਦੇ ਹੋ?

16) ਕਿੰਨੀਆ ਵਾਰਾਂ ਦਾ ਗਾਇਨ ਕਰ ਸਕਦੇ ਹੋ?

17) ਕੀ ਰੇਡੀਉ ਜਾਂ ਟੈਲੀਵੀਜ਼ਨ ਤੇ ਕੀਰਤਨੀਏ ਵਜੋਂ ਪ੍ਰਮਾਣਿਤ ਹੋ? ਕਿੰਨੀ ਵਵਾਰ ਮੌਕਾ ਮਿਲਿਆ ਹੈ?

18) ਕਿਹੜੇ ਕਿਹੜੇ ਵਿਸੇਸ਼ ਪ੍ਰੋਗਰਾਮਾਂ ਵਿੱਚ ਅਤੇ ਕਿਥੇ ਕਿਥੇ ਕੀਰਤਨ ਕੀਤਾ ਹੈ?

19) ਕੀ ਵਿਦੇਸ਼ਾਂ ਵਿਚ ਕੀਰਤਨ ਕਰਨ ਗਏ ਹੋ? ਉਨ੍ਹਾਂ ਦੇਸ਼ਾਂ ਦੇ ਨਾਂ ਅਤੇ ਰਹਿਣ ਦਾ ਸਮਾਂ ਦਸੋ? ਉਥੋਂ ਪ੍ਰਾਪਤ ਹੋਇਆ ਕੋਈ ਪ੍ਰਸ਼ੰਸਾ ਪੱਤਰ ਜਾਂ ਸਨਮਾਨ?

20) ਤੁਹਾਡੇ ਗ੍ਰਾਮੋ-ਫੋਨ ਰਿਕਾਰਡ/ਕੈਸੇਟ ਟੇਪਾਂ ਦੇ ਨੰਬਰ ਅਤੇ ਕੰਪਨੀ ਦਾ ਨਾਂ?

21) ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ ਇਸ ਵਿਚ ਕੋਈ ਵਿਸ਼ੇਸ ਪ੍ਰਾਪਤੀ?

22) ਤੁਹਾਡੇ ਵਲੋਂ ਦਿੱਤੀ ਗਈ ਕੀਰਤਨ ਸਿਖਲਾਈ ਦਾ ਵੇਰਵਾ?

23) ਕੀਰਤਨ ਨਾਲ ਸੰਬੀਧਤ ਤੁਹਾਡੇ ਜੀਵਨ ਦੀ ਕੋਈ ਵਰਨਣ ਯੋਗ ਘਟਨਾ?

24) ਕੀਰਤਨ ਬਾਰੇ ਤੁਹਾਡੇ ਆਪਣੇ ਵਿਚਾਰ ਕੀ ਹਨ?

25) ਵਰਤਮਾਨ ਕੀਰਤਨ ਪਰੰਪਰਾ ਬਾਰੇ ਵਿਚਾਰ?

26) ਵਰਤਮਾਨ ਕੀਰਤਨਕਾਰਾਂ ਬਾਰੇ ਵਿਚਾਰ?

27) ਤੁਹਾਡੇ ਵਿਚਾਰ ਅਨੁਸਾਰ ਗੁਰਮਤਿ ਸੰਗੀਤ ਦੀ ਸਹੀ ਪਰੰਪਰਾ ਦਾ ਵਿਚਾਰ ਕਿਵੇਂ ਹੋਣਾ ਚਾਹੀਦਾ ਹੈ?

28) ਅਜਿਹੇ ਕੀਰਤਨੀਆਂ ਜਾਂ ਸੰਗੀਤਕਾਰਾਂ ਦੇ ਨਾਂ ਦਸੋ ਜਿਨ੍ਹਾਂ ਨੇ ਤੁਹਾਨੂੰ ਪ੍ਰਭਾਵਿਤ ਕੀਤਾ ਹੋਵੇ?

29) ਗੁਰਮਤਿ ਸੰਗੀਤ ਸੰਬੰਧ ਕੋਈ ਖੋਜ ਭਰਪੂਰ ਜਾਣਕਾਰੀ ?

30) ਕੋਈ ਹੋਰ ਵੇਰਵਾ ਜੋ ਤੁਸੀਂ ਦੇਣਾ ਚਾਹੁੰਦੇ ਹੋ?

**ਐਡਰੈਸ** **ਦਸਤਖਤ**